# ਦਫ਼ਤਰ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ

ਹੁਕਮ

ਮੇਰੇ ਧਿਆਨ ਵਿੱਚ ਆਇਆ ਹੈ ਕਿ ਕੁੱਝ ਲੋਕ ਆਪਣੇ ਪਸ਼ੂਆਂ ਨੂੰ ਸ਼ਰੇਆਮ ਸੜਕਾਂ ਦੇ ਉੱਤੇ ਅਤੇ ਜਨਤਕ ਥਾਵਾਂ ਤੇ ਚਰਾਉਂਦੇ ਹਨ। ਅਜਿਹਾ ਕਰਨ ਨਾਲ ਸੜਕਾਂ ਦੇ ਉੱਤੇ ਦੁਰਘਟਨਾਵਾ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ ਅਤੇ ਆਮ ਆਵਾਜਾਈ ਵਿੱਚ ਵਿਘਨ ਪੈਂਦਾ ਹੈ। ਇਸ ਤੋ ਇਲਾਵਾ ਜਦੋਂ ਵੀ ਪਸ਼ੂਆਂ ਨੂੰ ਖੁਲਿਆਂ ਸੜਕਾਂ ਤੇ ਛੱਡਿਆ ਜਾਂਦਾ ਹੈ, ਤਾਂ ਇਹ ਪਸ਼ੂ ਅਕਸਰ ਬੇਕਾਬੂ ਹੋ ਜਾਂਦੇ ਹਨ ਅਤੇ ਰਾਹ ਜਾਂਦੇ ਵਿਅਕਤੀਆਂ ਦਾ ਨੁਕਸਾਨ ਕਰਦੇ ਹਨ ਅਤੇ ਲੋਕਾਂ ਦੀ ਫਸਲ ਦਾ ਵੀ ਉਜਾੜਾ ਕਰਦੇ ਹਨ।

ਇਹ ਵੀ ਧਿਆਨ ਵਿੱਚ ਆਇਆ ਹੈ ਕਿ ਅੱਜ ਕੱਲ ਕੱਲਬਾਂ/ਸੰਸਥਾਵਾਂ ਵਲੋ ਜ਼ਿਲ੍ਹੇ ਵਿੱਚ ਜੋ ਬੂਟੇ ਲਗਾਏ ਜਾਦੇ ਹਨ, ਉਨ੍ਹਾਂ ਨੂੰ ਵੀ ਪਸ਼ੂ ਨੁਕਸਾਨ ਪਹੁੰਚਾਉਂਦੇ ਹਨ। ਪਸ਼ੂਆਂ ਦਾ ਇਸ ਤਰ੍ਹਾਂ ਖੁੱਲੇ ਆਮ ਛੱਡਣਾ ਲੋਕ ਹਿੱਤ ਵਿੱਚ ਨਹੀਂ ਹੈ। ਇਸ ਲਈ ਇਸ ਪ੍ਰਥਾ ਨੂੰ ਰੋਕਣਾ ਜਰੂਰੀ ਹੋ ਗਿਆ ਹੈ ਤਾਂ ਜੋ ਲੋਕਾਂ ਦੀ ਜਾਨ ਅਤੇ ਮਾਲ ਦੀ ਰੱਖਿਆ ਕੀਤੀ ਜਾ ਸਕੇ।

ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਜਾਬਤਾ ਫੌਜਦਾਰੀ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਆਮ ਜਨਤਾ ਨੂੰ ਇਹ ਹੁਕਮ ਦਿੰਦਾ ਹਾਂ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਦੇ ਅੰਦਰ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਨੂੰ ਸ਼ਰੇਆਮ ਸੜਕਾਂ ਤੇ ਜਾਂ ਜਨਤਕ ਥਾਵਾਂ ਤੇ ਚਰਾਉਣ ਲਈ ਲੈ ਕੇ ਨਹੀਂ ਜਾਣਗੇ ਅਤੇ ਨਾ ਹੀ ਅਵਾਰਾ ਛੱਡਣਗੇ। ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਸਮੂਹ ਸਧਾਰਨ ਜਨਤਾ ਨੂੰ ਸੰਬੋਧਨ ਕੀਤਾ ਜਾਂਦਾ ਹੈ।

ਇਹ ਹੁਕਮ ਮਿਤੀ 29.10.2021 ਤੋਂ ਲੈ ਕੇ ਮਿਤੀ 27.12.2021 ਤੱਕ ਲਾਗੂ ਰਹੇਗਾ।

ਇਸ ਹੁਕਮ ਦੀ ਪਾਲਣਾ ਜ਼ਿਲ੍ਹਾ ਲੋਕ ਸੰਪਰਕ ਅਫਸਰ, ਗੁਰਦਾਸਪੁਰ ਪਬਲੀਸਿਟੀ ਵੈਨ ਰਾਹੀਂ ਕਰਵਾ ਕੇ ਅਤੇ ਇਹਨਾਂ ਹੁਕਮਾਂ ਦੀਆਂ ਕਾਪੀਆਂ ਜ਼ਿਲ੍ਹਾ ਮੈਜਿਸਟਰੇਟ, ਵਧੀਕ ਜ਼ਿਲ੍ਹਾ ਮੈਜਿਸਟਰੇਟ, ਉਪ ਮੰਡਲ ਮੈਜਿਸਟਰੇਟਾਂ, ਤਹਿਸੀਲਦਾਰਾਂ, ਨਗਰ ਕੌਸਲਾਂ ਦੇ ਦਫ਼ਤਰਾਂ, ਜਿਲਾ ਕਚਿਹਰੀਆਂ ਦੇ ਨੋਟਿਸ ਬੋਰਡਾਂ ਤੇ ਚਸ਼ਪਾ ਕੀਤੀ ਜਾਵੇਗੀ ਅਤੇ ਆਲ ਇੰਡੀਆਂ ਰੇਡੀਓ/ਟੀ.ਵੀ. ਰਾਹੀਂ ਪ੍ਰਸਾਰਣ ਕਰਵਾਇਆ ਜਾਵੇਗਾ।

ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29-10-2021 ਨੂੰ ਜਾਰੀ ਕੀਤਾ ਜਾਂਦਾ ਹੈ।

ਵਧੀਕ ਜਿਲਾ ਮੈਜਿਸਟਰੇਟ,
ਗੁਰਦਾਸਪੁਰ।

ਪਿੱਠ ਅੰਕਣ ਨੰ: 9051-9100 /ਐਮ.ਸੀ.2/ਐਮ.ਏ. ਮਿਤੀ 29-10-2021

ਇਸ ਦਾ ਇੱਕ ਉਤਾਰਾ:-

1. ਮੁੱਖ ਸੱਕਤਰ , ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ , ਜਲੰਧਰ।
4. ਡਾਇਰੈਕਟਰ ਜ਼ਨਰਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਅਤੇ ਸ਼ੈਸ਼ਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ ਗੁਰਦਾਸਪੁਰ (ਜ) ਅਤੇ (ਵਿ)
8. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ/ਬਟਾਲਾ 5 ਕਾਪੀਆਂ
9. ਜਿਲੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
10. ਜਿਲਾ ਟਰਾਂਸਪੋਰਟ ਅਫਸਰ, ਗੁਰਦਾਸਪੁਰ
11. ਸਿਵਲ ਸਰਜ਼ਨ, ਗੁਰਦਾਸਪੁਰ।
12. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਗੁਰਦਾਸਪੁਰ ਡਵੀਜਨ, ਗੁਰਦਾਸਪੁਰ।
13. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਮਾਧੋਪੁਰ ਡਵੀਜਨ, ਗੁਰਦਾਸਪੁਰ।
14. ਕਾਰਜਕਾਰੀ ਇੰਜੀਨੀਅਰ, ਡਰੇਨਜ਼ ਵਿਭਾਗ, ਗੁਰਦਾਸਪੁਰ।
15. ਜਿਲਾ ਲੋਕ ਸੰਪਰਕ ਅਫਸਰ, ਗੁਰਦਾਸਪੁਰ 5 ਕਾਪੀਆਂ।
16. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਗੁਰਦਾਸਪੁਰ।
17. ਜਿਲਾ ਮਾਲ ਅਫਸਰ, ਗੁਰਦਾਸਪੁਰ।
18. ਜਿਲਾ ਸਿੱਖਿਆ ਅਫਸਰ (ਸਕੈਂਡਰੀ), ਗੁਰਦਾਸਪੁਰ।
19. ਜਿਲਾ ਸਿੱਖਿਆ ਅਫਸਰ (ਪ੍ਰਾਇਮਰੀ), ਗੁਰਦਾਸਪੁਰ।
20. ਜਿਲਾ ਵਿਕਾਸ ਅਤੇ ਪੰਚਾਇਤ ਅਫਸਰ, ਗੁਰਦਾਸਪੁਰ।
21. ਮੁੱਖ ਖੇਤੀਬਾੜੀ ਅਫਸਰ, ਗੁਰਦਾਸਪੁਰ।
22. ਜਿਲਾ ਮੰਡੀ ਅਫਸਰ, ਗੁਰਦਾਸਪੁਰ।
23. ਪੀ.ਏ. ਟੂ ਡੀ.ਸੀ., ਸਟੈਨੋ ਟੂ ਏ.ਡੀ.ਸੀ.

ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Additional District Magistrate GURDASPUR

ਵਧੀਕ ਜ਼ਿਲਾ ਮੈਜਿਸਟਰੇਟ,
ਗੁਰਦਾਸਪੁਰ।

# ਦਫਤਰ ਜਿਲਾ ਮੈਜਿਸਟਰੇਟ, ਗੁਰਦਾਸਪੁਰ

## ਹੁਕਮ

ਜਿਲ੍ਹਾ ਗੁਰਦਾਸਪੁਰ ਵਿੱਚ ਸਮਾਜ ਵਿਰੋਧੀ ਤੱਤਾਂ ਵਲੋਂ ਭਿੰਨ-ਭਿੰਨ ਪ੍ਰਕਾਰ ਦੇ ਜੁਰਮ ਦਾ ਅੰਦੇਸ਼ਾ ਹੋਣ ਕਾਰਣ ਅਤੇ ਜਿਸ ਨਾਲ ਜ਼ਨਤਕ ਸ਼ਾਂਤੀ ਭੰਗ ਹੋਣ ਦਾ ਖਤਰਾ ਬਣਿਆ ਹੋਇਆ ਹੈ। ਇਹਨਾਂ ਨੂੰ ਰੋਕਣ ਵਾਸਤੇ ਇਹ ਜਰੂਰੀ ਸਮਝਿਆ ਗਿਆ ਹੈ ਕਿ ਇਸ ਸਬੰਧੀ ਤੁਰੰਤ ਕਦਮ ਚੁੱਕੇ ਜਾਣ ਅਤੇ ਆਰਜ਼ੀ ਤੌਰ ਤੇ ਰਹਿਣ ਵਾਲੇ ਜਾਂ ਕਾਰੋਬਾਰ ਕਰਨ ਵਾਲੇ ਪਰਿਵਾਰ, ਪੁਰਸ਼ ਜਾਂ ਔਰਤਾਂ ਉੱਤੇ ਨਜ਼ਰ ਰੱਖੀ ਜਾਵੇ ਅਤੇ ਉਹਨਾ ਨੂੰ ਇਸ ਸਬੰਧੀ ਲੋੜੀਦੀ ਸੂਚਨਾਂ ਤੁਰੰਤ ਨਜ਼ਦੀਕੀ ਥਾਣੇ ਨੂੰ ਦੇਣ ਲਈ ਹੁਕਮ ਦਿੱਤਾ ਜਾਵੇ। ਮੈਨੂੰ ਯਕੀਨ ਹੋ ਗਿਆ ਹੈ ਕਿ ਅਜਿਹੇ ਕਦਮ ਚੁੱਕਣ ਨਾਲ ਇਨਸਾਨੀ ਸਿਹਤ ਅਤੇ ਸੁਰੱਖਿਆ ਨੂੰ ਬਰਕਰਾਰ ਰੱਖਣ ਅਤੇ ਜ਼ਨਤਕ ਸ਼ਾਂਤੀ ਭੰਗ ਹੋਣ ਨੂੰ ਰੋਕਣ ਵਿੱਚ ਸਹਾਇਤਾ ਮਿਲੇਗੀ।

2. ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਜਾਬਤਾ ਫੌਜਦਾਰੀ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਇਹ ਹੁਕਮ ਕਰਦਾ ਹਾਂ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਜਾਂ ਇਸ ਦੇ ਪਿੰਡ ਜਾਂ ਕਸਬਿਆਂ ਵਿੱਚ ਬਾਹਰ ਤੋਂ ਆ ਕੇ ਆਰਜ਼ੀ ਤੌਰ ਤੇ ਰਹਿ ਰਹੇ ਜਾਂ ਕਾਰੋਬਾਰ ਕਰਦੇ ਪਰਿਵਾਰਾਂ ਦੇ ਮੁੱਖੀ ਜਾਂ ਹੋਰ ਪੁਰਸ਼ ਅਤੇ ਔਰਤਾਂ ਆਪ ਦੇ ਰਿਹਾਇਸ਼ੀ ਜਾਂ ਨਜ਼ਦੀਕੀ ਥਾਣੇ ਵਿੱਚ ਇਸ ਸਬੰਧੀ ਲੋੜੀਂਦੀ ਸੂਚਨਾਂ ਤੁਰੰਤ ਦੇਣਗੇ ਅਤੇ ਅਗਰ ਕੋਈ ਬਾਹਰਲੇ ਜ਼ਿਲ੍ਹੇ ਦਾ ਵਾਸੀ ਉਹਨਾਂ ਪਾਸ ਮਿਲਣ ਆਵੇ ਜਾਂ ਉਹਨਾਂ ਪਾਸ ਠਹਿਰੇ ਤਾਂ ਇਸ ਬਾਰੇ ਵੀ ਲੋੜੀਂਦੀ ਸੂਚਨਾ ਤੁਰੰਤ ਨਜਦੀਕੀ ਥਾਣੇ ਵਿੱਚ ਦੇਣਗੇ। ਉਹਨਾਂ ਲਈ ਸੂਚਨਾਂ ਦੇਣਾ ਇਸ ਹੁਕਮ ਦੇ ਲਾਗੂ ਹੋਣ ਤੋ ਇਕ ਹਫ਼ਤੇ ਦੇ ਅੰਦਰ-ਅੰਦਰ ਲਾਜ਼ਮੀ ਹੋਵੇਗਾ। ਸੰਕਟਕਾਲੀਨ ਹਾਲ ਨੂੰ ਦੇਖਦਿਆਂ ਹੋਇਆਂ ਇਹ ਹੁਕਮ ਇੱਕ ਤਰਫ਼ਾ ਪਾਸ ਕੀਤਾ ਜਾਂਦਾ ਹੈ।

3. ਇਹ ਹੁਕਮ ਮਿਤੀ 29.10.2021 ਤੋਂ ਲੈ ਕੇ ਮਿਤੀ 27.12.2021 ਤੱਕ ਲਾਗੂ ਰਹੇਗਾ।

4. ਇਸ ਹੁਕਮ ਨੂੰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ ਸਮੁੱਚੇ ਜ਼ਿਲ੍ਹੇ ਵਿੱਚ ਸੂਚਨਾ ਵੈਨ ਦੁਆਰਾ ਘੋਸ਼ਿਤ ਕਰਵਾਉਣਗੇ ਅਤੇ ਇਸ ਹੁਕਮ ਦੀਆਂ ਨਕਲਾਂ ਜ਼ਿਲ੍ਹਾ ਮੈਜਿਸਟਰੇਟ ਅਤੇ ਤਹਿਸੀਲਦਾਰਾਂ ਦੇ ਦਫ਼ਤਰਾਂ, ਅਦਾਲਤਾਂ ਦੇ ਨੋਟਿਸ ਬੋਰਡਾਂ ਤੇ ਲਾਈਆਂ ਜਾਣਗੀਆਂ ਅਤੇ ਇਸ ਹੁਕਮ ਦਾ ਰੇਡਿਉ/ਟੀ.ਵੀ.ਰਾਹੀਂ ਵੀ ਪ੍ਰਸਾਰਣ ਕਰਵਾਇਆ ਜਾਵੇਗਾ।

5. ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29-10-2021 ਨੂੰ ਜਾਰੀ ਕੀਤਾ ਜਾਂਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

ਪਿੱ.ਅੰ.ਨੰ. 9101-50 /ਐਮ.ਸੀ.2/ਐਮ.ਏ.,ਮਿਤੀ 29-10-2021

ਇਸ ਦਾ ਇੱਕ ਉਤਾਰਾ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ ਜਲੰਧਰ।
4. ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਤੇ ਸੈਸ਼ਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ(ਜ) ਅਤੇ (ਵਿ)।
8. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ/ਬਟਾਲਾ 5 ਕਾਪੀਆ
9. ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
10. ਜਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ
11. ਸਿਵਲ ਸਰਜਨ,ਗੁਰਦਾਸਪੁਰ।
12. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਗੁਰਦਾਸਪੁਰ ਡਵੀਜਨ,ਗੁਰਦਾਸਪੁਰ।
13. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਮਾਧੋਪੁਰ ਡਵੀਜਨ,ਗੁਰਦਾਸਪੁਰ।
14. ਕਾਰਜਕਾਰੀ ਇੰਜੀਨੀਅਰ,ਡਰੇਨਜ ਵਿਭਾਗ, ਗੁਰਦਾਸਪੁਰ।
15. ਜਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ 5 ਕਾਪੀਆ
16. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਗੁਰਦਾਸਪੁਰ।
17. ਜਿਲ੍ਹਾ ਮਾਲ ਅਫ਼ਸਰ, ਗੁਰਦਾਸਪੁਰ।
18. ਜਿਲ੍ਹਾ ਸਿਖਿਆ ਅਫ਼ਸਰ (ਸ), ਗੁਰਦਾਸਪੁਰ।
19. ਜਿਲ੍ਹਾ ਸਿਖਿਆ ਅਫ਼ਸਰ (ਪ੍ਰਾ), ਗੁਰਦਾਸਪੁਰ।
20. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਗੁਰਦਾਸਪੁਰ।
21. ਮੁੱਖ ਖੇਤੀਬਾੜੀ ਅਫਸਰ, ਗੁਰਦਾਸਪੁਰ।
22. ਜਿਲ੍ਹਾ ਮੰਡੀ ਅਫਸਰ, ਗੁਰਦਾਸਪੁਰ।
23. ਪੀ.ਏ.ਟੂ ਡੀ.ਸੀ. ਸਟੈਨੋ ਟੂ ਏ.ਡੀ.ਸੀ.

ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Additional District Magistrate GURDASPUR

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

## ਦਫਤਰ ਜਿਲਾ ਮੈਜਿਸਟਰੇਟ, ਗੁਰਦਾਸਪੁਰ

### ਹੁਕਮ

ਆਮ ਵੇਖਣ ਵਿੱਚ ਆਇਆ ਹੈ ਕਿ ਕੁੱਝ ਲੋਕ ਵਿਆਹ ਜਾਂ ਹੋਰ ਕਿਸੇ ਮੋਕਿਆਂ ਤੇ ਪੈਲਸਾਂ ਵਿੱਚ ਆਪਣੇ ਹਥਿਆਰ ਨਾਲ ਲੈ ਕੇ ਆਉਂਦੇ ਹਨ। ਜਿਸ ਨਾਲ ਕਈ ਵਾਰ ਅਣ-ਸੁਖਾਂਵੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ।

ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਜਾਬਤਾ ਫੌਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋ ਕਰਦਿਆਂ ਹੋਇਆਂ ਇਹ ਹੁਕਮ ਪਾਸ ਕਰਦਾ ਹਾਂ ਕਿ ਗੁਰਦਾਸਪੁਰ ਜ਼ਿਲ੍ਹੇ ਵਿੱਚ ਪੈਂਦੇ ਸਾਰ੍ਹੇ ਪੈਲਸਾਂ ਵਿੱਚ ਕੋਈ ਵੀ ਵਿਅਕਤੀ ਵਿਆਹ ਸ਼ਾਦੀ ਦੇ ਮੌਕੇ ਤੇ ਕਿਸੇ ਵੀ ਤਰ੍ਹਾਂ ਦਾ ਹਥਿਆਰ ਲੈ ਕੇ ਦਾਖਲ ਨਹੀ ਹੋਵੇਗਾ। ਇਸ ਤੋ ਇਲਾਵਾਂ ਮੈਰਿਜ ਪੈਲਸਾਂ ਦੇ ਮਾਲਕ ਇਹ ਗੱਲ ਨੂੰ ਯਕੀਨੀ ਬਨਾਉਣ ਲਈ ਲੋੜੀਂਦੇ ਪ੍ਰਬੰਧ ਕਰਨਗੇ ਕਿ ਕੋਈ ਵੀ ਵਿਅਕਤੀ ਮੈਰਿਜ ਪੈਲਸ ਵਿੱਚ ਫੰਕਸ਼ਨ ਸਮੇਂ ਹਥਿਆਰ ਲੈ ਕੇ ਨਾ ਜਾਵੇ।

ਇਸ ਤੋ ਇਲਾਵਾ ਸਕੂਲਾ/ਕਾਲਜ਼ਾ/ਗੁਰਦੁਆਰਿਆਂ/ਮੰਦਰਾਂ ਵਿੱਚ ਵੀ ਹਥਿਆਰ ਲੈ ਕੇ ਜਾਣ ਦੀ ਪਾਬੰਦੀ ਲਗਾਈ ਜਾਦੀ ਹੈ।

ਇਹ ਹੁਕਮ ਮਿਤੀ 29.10.2021 ਤੋਂ ਲੈ ਕੇ ਮਿਤੀ 27.12.2021 ਤੱਕ ਲਾਗੂ ਰਹੇਗਾ।

ਮਾਮਲੇ ਦੀ ਗੰਭੀਰਤਾ ਨੂੰ ਮੁੱਖ ਰੱਖਦਿਆਂ ਇਹ ਹੁਕਮ ਇਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਸਮੂਹ ਜਨਤਾ ਨੂੰ ਸੰਬੋਧਨ ਕੀਤਾ ਜਾਂਦਾ ਹੈ।

ਇਸ ਹੁਕਮ ਦੀ ਪਾਲਣਾ ਜਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ ਵਲੋਂ ਵਿਭਾਗ ਦੀ ਸੂਚਨਾ ਵੈਨ ਰਾਹੀਂ ਲਾਊਡ ਸਪੀਕਰ ਰਾਹੀਂ ਸਮੁੱਚੇ ਜਿਲ੍ਹੇ ਵਿੱਚ ਕਰਵਾਈ ਜਾਵੇਗੀ।

ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29-10-2021 ਨੂੰ ਜਾਰੀ ਕੀਤਾ ਜਾਂਦਾ ਹੈ।

ਵਧੀਕ ਜਿਲਾ ਮੈਜਿਸਟਰੇਟ,
ਗੁਰਦਾਸਪੁਰ।

## ਦਫਤਰ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ

ਪਿੱ.ਅੰ.ਨੰ. 9151-9200 /ਐਮ.ਸੀ.2/ਐਮ.ਏ.,ਮਿਤੀ 29-10-2021

ਇਸ ਦਾ ਇੱਕ ਉਤਾਰਾ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ ਜਲੰਧਰ।
4. ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਤੇ ਸੈਸਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ(ਜ) ਅਤੇ (ਵਿ)।
8. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ/ਬਟਾਲਾ 5 ਕਾਪੀਆ
9. ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
10. ਜਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ
11. ਸਿਵਲ ਸਰਜਨ,ਗੁਰਦਾਸਪੁਰ।
12. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਗੁਰਦਾਸਪੁਰ ਡਵੀਜਨ,ਗੁਰਦਾਸਪੁਰ।
13. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਮਾਧੋਪੁਰ ਡਵੀਜਨ,ਗੁਰਦਾਸਪੁਰ।
14. ਕਾਰਜਕਾਰੀ ਇੰਜੀਨੀਅਰ,ਡਰੇਨਜ ਵਿਭਾਗ, ਗੁਰਦਾਸਪੁਰ।
15. ਜਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ 5 ਕਾਪੀਆ
16. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਗੁਰਦਾਸਪੁਰ।
17. ਜਿਲ੍ਹਾ ਮਾਲ ਅਫ਼ਸਰ, ਗੁਰਦਾਸਪੁਰ।
18. ਜਿਲ੍ਹਾ ਸਿਖਿਆ ਅਫ਼ਸਰ (ਸ), ਗੁਰਦਾਸਪੁਰ।
19. ਜਿਲ੍ਹਾ ਸਿਖਿਆ ਅਫ਼ਸਰ (ਪ੍ਰਾ), ਗੁਰਦਾਸਪੁਰ।
20. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਗੁਰਦਾਸਪੁਰ।
21. ਮੁੱਖ ਖੇਤੀਬਾੜੀ ਅਫਸਰ, ਗੁਰਦਾਸਪੁਰ।
22. ਜਿਲ੍ਹਾ ਮੰਡੀ ਅਫਸਰ, ਗੁਰਦਾਸਪੁਰ।
23. ਪੀ.ਏ.ਟੂ ਡੀ.ਸੀ. ਸਟੈਨੋ ਟੂ ਏ.ਡੀ.ਸੀ.

ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Additional District Magistrate GURDASPUR

ਵਧੀਕ ਜਿਲਾ ਮੈਜਿਸਟਰੇਟ,
ਗੁਰਦਾਸਪੁਰ।

## ਦਫਤਰ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ

ਹੁਕਮ

ਜਿਵੇਂ ਕਿ ਇਹ ਵੇਖਣ ਵਿੱਚ ਆਇਆ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਵੱਡੇ ਪੱਧਰ ਤੇ ਵਪਾਰਕ ਸਥਾਨ/ਦੁਕਾਨਾਂ ਨੂੰ ਸਾਈਬਰ ਕੈਫੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ,ਹੋਂਦ ਵਿੱਚ ਆਈਆਂ ਹਨ ਅਤੇ ਇਹਨਾਂ ਸੁਵਿਧਾਵਾਂ ਦਾ ਲਾਭ ਉਠਾਉਣ ਲਈ ਜਿਸ ਵਿੱਚ ਈ-ਮੇਲ ਕਰਨਾ ਵੀ ਸ਼ਾਮਲ ਹੈ,ਵੱਡੀ ਗਿਣਤੀ ਵਿੱਚ ਲੋਕ ਇਹਨਾਂ ਸਥਾਨਾਂ ਤੇ ਜਾਂਦੇ ਹਨ ਅਤੇ ਇਹ ਵੀ ਕੇ ਕੁੱਝ ਸਮਾਜ ਵਿਰੋਧੀ ਤੱਤ, ਅਪਰਾਧੀ ਅਤੇ ਅੱਤਵਾਦੀ ਇਹਨਾਂ ਸੁਵਿਧਾਵਾਂ ਦਾ ਪ੍ਰਯੋਗ ਸੁਰੱਖਿਆ/ਜਾਂਚ ਏਜੰਸੀਆਂ ਲੋਕਾਂ ਵਿੱਚ ਹਫੜਾ ਦਫੜੀ ਫੈਲਾਉਣ, ਆਮ ਜਨਤਾ, ਵੀ.ਆਈ.ਪੀ. ਅਤੇ ਸਰਕਾਰੀ ਅਦਾਰਿਆਂ ਦੀ ਸੁਰੱਖਿਆ ਲਈ ਖਤਰਾ ਪੈਦਾ ਕਰਨ ਅਤੇ ਅਜਿਹੀਆਂ ਅੱਤਵਾਦੀ ਗਤੀਵਿਧੀਆਂ ਚਲਾਉਣ ਜੋ ਰਾਜ ਦੀ ਸੁਰੱਖਿਆ ਨੂੰ ਪ੍ਰਤੱਖ ਤੌਰ ਤੇ ਪ੍ਰਭਾਵਿਤ ਕਰਦੀਆਂ ਹੋਣ ਲਈ ਕਰ ਸਕਦੇ ਹਨ।

ਜ਼ਦੋਂ ਕਿ ਮੇਰਾ ਵਿਚਾਰ ਹੈ ਕਿ ਮਨੁੱਖੀ ਜੀਵਨ ਦੇ ਖਤਰਿਆਂ ਦੀ ਰੋਕਥਾਮ ਅਜਿਹੀਆਂ ਅੱਤਵਾਦੀ ਗਤੀਵਿਧੀਆਂ ਨੂੰ ਰੋਕਣ ਲਈ ਜ਼ੋ ਰਾਜ ਦੀ ਸੁਰੱਖਿਆ ਲਈ ਖਤਰਾ ਬਣ ਸਕਦੀਆਂ ਹਨ ਅਤੇ ਸਮਾਜ ਦੀ ਸ਼ਾਂਤੀ ਨੂੰ ਭੰਗ ਕਰ ਸਕਦੀਆਂ ਹਨ, ਤੁਰੰਤ ਕਾਰਵਾਈ ਕਰਨੀ ਜਰੂਰੀ ਹੈ।

ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਜਾਬਤਾ ਫੌਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦਾ ਪ੍ਰਯੋਗ ਕਰਦੇ ਹੋਏ ਸਾਈਬਰ ਕੈਫੇ ਦੇ ਮਾਲਕਾਂ ਨੂੰ ਨਿਮਨ ਹਦਾਇਤਾਂ ਸਖਤੀ ਨਾਲ ਪਾਲਣਾ ਕਰਨ ਹਿੱਤ ਜਾਰੀ ਕਰਦਾ ਹਾਂ।

1. ਕਿਸੇ ਅਜਿਹੇ ਅਨਜਾਣ ਵਿਅੱਕਤੀ ਜਿਸ ਦੀ ਪਹਿਚਾਣ ਬਾਰੇ ਸਾਈਬਰ ਕੈਫੇ ਦੇ ਮਾਲਕ ਸੁਨਿਸ਼ਚਿਤ ਨਾ ਹੋਵੇ ਉਸ ਨੂੰ ਸਾਈਬਰ ਕੈਫੇ ਦੇ ਪ੍ਰਯੋਗ ਤੋਂ ਵਰਜਿਤ ਕਰਨਾ।
2. ਆਉਣ ਵਾਲੇ/ਪ੍ਰਯੋਗ ਕਰਤਾ ਦੀ ਪਹਿਚਾਣ ਰਜਿਸਟਰ ਵਿੱਚ ਦਰਜ ਕਰਨਾ।
3. ਰਜਿਸਟਰ ਵਿੱਚ ਆਉਣ ਵਾਲੇ/ਪ੍ਰਯੋਗ ਕਰਤਾ ਦੀ ਆਪਣੀ ਲਿਖਾਈ ਵਿੱਚ ਉਸਦਾ ਨਾਮ, ਪਤਾ, ਟੈਲੀਫੂਨ ਨੰਬਰ ਅਤੇ ਪਹਿਚਾਣ ਸਬੂਤ ਆਦਿ ਦਰਜ ਕਰਵਾਉਣਾ।
4. ਆਉਣ ਵਾਲੇ/ਪ੍ਰਯੋਗ ਕਰਤਾ ਦੀ ਪਹਿਚਾਣ, ਪਹਿਚਾਣ ਪੱਤਰ, ਵੋਟਰ ਕਾਰਡ, ਰਾਸ਼ਨ ਕਾਰਡ, ਆਧਾਰ ਕਾਰਡ, ਡਰਾਇਵਿੰਗ ਲਾਈਸੰਸ,ਪਾਸਪੋਰਟ ਅਤੇ ਫੋਟੋ ਕਰੈਡਿਟ ਕਾਰਡ ਰਾਹੀਂ ਕੀਤੀ ਜਾਣੀ ਚਾਹੀਦੀ ਹੈ।
5. ਮੇਨ ਸਰਵਰ ਵਿੱਚ ਐਕਟੀਵਿਟੀ ਸਰਵਰ ਲੋਗ ਬਚਾ ਦੇ ਰੱਖਣਾ ਚਾਹੀਦਾ ਹੈ ਅਤੇ ਇਸ ਦਾ ਰਿਕਾਰਡ ਮੇਨ ਸਰਵਰ ਵਿੱਚ ਘੱਟੋ-ਘੱਟ 6 ਮਹੀਨੇ ਤੱਕ ਰੱਖਣਾ ਚਾਹੀਦਾ ਹੈ।
6. ਜੇਕਰ ਆਉਣ ਵਾਲੇ ਵਿਅੱਕਤੀ ਦੀ ਕੋਈ ਵੀ ਗਤੀਵਿਧੀ ਪ੍ਰਤੀ ਸ਼ੱਕ ਪੈਦਾ ਹੁੰਦਾ ਹੈ ਤਾਂ ਸਾਈਬਰ ਕੈਫੇ ਦੇ ਮਾਲਕ ਨੂੰ ਇਸ ਦੀ ਸੂਚਨਾਂ ਪੁਲਿਸ ਸਟੇਸ਼ਨ ਵਿੱਚ ਦੇਣੀ ਚਾਹੀਦੀ ਹੈ।
7. ਵਿਅੱਕਤੀ ਵਲੋਂ ਪ੍ਰਯੋਗ ਕੀਤੇ ਗਏ ਕੰਪਿਊਟਰ ਦਾ ਰਿਕਾਰਡ ਦਰਜ਼ ਹੋਣਾ ਚਾਹੀਦਾ ਹੈ।

ਇਹ ਆਦੇਸ਼ ਮਿਤੀ 29.10.2021 ਤੋਂ ਲੈ ਕੇ ਮਿਤੀ 27.12.2021 ਤੱਕ ਪ੍ਰਭਾਵਿਤ ਰਹੇਗਾ। ਇਹ ਹੁਕਮ ਮੌਜੂਦਾ ਸਥਿਤੀ ਨੂੰ ਮੁੱਖ ਰੱਖਦੇ ਹੋਏ ਇਕਤਰਫ਼ਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਲੋਕਾਂ ਦੇ ਨਾਮ ਜਾਰੀ ਕੀਤਾ ਜਾਂਦਾ ਹੈ।

ਇਹ ਆਦੇਸ਼ ਜ਼ਿਲ੍ਹਾ ਗੁਰਦਾਸਪੁਰ ਵਿੱਚ ਲੋਕ ਸੰਪਰਕ ਵਿਭਾਗ ਦੀਆਂ ਮੁਨਾਦੀ ਗੱਡੀਆ ਰਾਹੀਂ ਮੁਨਾਦੀ ਕਰਕੇ ਅਤੇ ਜਿਲ੍ਹਾ ਮੈਜਿਸਟਰੇਟ ਦੇ ਦਫ਼ਤਰ ਦੇ ਨਾਲ-ਨਾਲ ਜ਼ਿਲ੍ਹਾ ਅਦਾਲਤਾਂ, ਸੀਨੀਅਰ ਪੁਲਿਸ ਕਪਤਾਨ, ਉਪ ਮੰਡਲ ਮੈਜਿਸਟਰੇਟ, ਬੀ.ਡੀ.ਪੀ.ਓਜ਼ ਨੂੰ ਦਫ਼ਤਰਾਂ ਅਤੇ ਤਹਿਸੀਲਦਾਰਾਂ ਦੇ ਦਫ਼ਤਰਾਂ ਦੇ ਨੋਟਿਸ ਬੋਰਡਾਂ ਅਤੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਜਾਰੀ ਕੀਤਾ ਜਾਵੇਗਾ।

ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29-10-2021 ਨੂੰ ਜਾਰੀ ਕੀਤਾ ਜਾਂਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ
ਗੁਰਦਾਸਪੁਰ।

ਪਿੱ.ਅੰ.ਨੰ. 9201-50 /ਐਮ.ਸੀ.2/ਐਮ.ਏ.,ਮਿਤੀ 29-10-2021

ਇਸ ਦਾ ਇੱਕ ਉਤਾਰਾ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਿਹ ਸਕੱਤਰ, ਪੰਜਾਬ ਸਰਕਾਰ, ਗ੍ਰਿਹ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ ਜਲੰਧਰ।
4. ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਤੇ ਸੈਸਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ(ਜ) ਅਤੇ (ਵਿ)।
8. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ/ਬਟਾਲਾ 5 ਕਾਪੀਆ
9. ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
10. ਜਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ
11. ਸਿਵਲ ਸਰਜਨ,ਗੁਰਦਾਸਪੁਰ।
12. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਗੁਰਦਾਸਪੁਰ ਡਵੀਜਨ,ਗੁਰਦਾਸਪੁਰ।
13. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਮਾਧੋਪੁਰ ਡਵੀਜਨ,ਗੁਰਦਾਸਪੁਰ।
14. ਕਾਰਜਕਾਰੀ ਇੰਜੀਨੀਅਰ,ਡਰੇਨਜ ਵਿਭਾਗ, ਗੁਰਦਾਸਪੁਰ।
15. ਜਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ 5 ਕਾਪੀਆ
16. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਗੁਰਦਾਸਪੁਰ।
17. ਜਿਲ੍ਹਾ ਮਾਲ ਅਫ਼ਸਰ, ਗੁਰਦਾਸਪੁਰ।
18. ਜਿਲ੍ਹਾ ਸਿਖਿਆ ਅਫ਼ਸਰ (ਸ), ਗੁਰਦਾਸਪੁਰ।
19. ਜਿਲ੍ਹਾ ਸਿਖਿਆ ਅਫ਼ਸਰ (ਪ੍ਰਾ), ਗੁਰਦਾਸਪੁਰ।
20. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਗੁਰਦਾਸਪੁਰ।
21. ਮੁੱਖ ਖੇਤੀਬਾੜੀ ਅਫਸਰ, ਗੁਰਦਾਸਪੁਰ।
22. ਜਿਲ੍ਹਾ ਮੰਡੀ ਅਫਸਰ, ਗੁਰਦਾਸਪੁਰ।
23. ਪੀ.ਏ.ਟੂ ਡੀ.ਸੀ. ਸਟੈਨੋ ਟੂ ਏ.ਡੀ.ਸੀ.

ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Additional District Magistrate GURDASPUR

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

## ਦਫਤਰ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ

### ਹੁਕਮ

ਆਮ ਤੌਰ ਤੇ ਵੇਖਣ ਵਿੱਚ ਆਉਂਦਾ ਹੈ ਕਿ ਸਾਈਕਲ/ਰਿਕਸ਼ਾ/ਟਰੈਕਟਰ ਟਰਾਲੀ/ਰੇਹੜੀ ਅਤੇ ਹੋਰ ਅਜਿਹੀਆਂ ਗੱਡੀਆਂ ਜਿਨ੍ਹਾਂ ਦੇ ਅੱਗੇ-ਪਿੱਛੇ ਲਾਈਟਾਂ ਨਹੀਂ ਹਨ, ਉਹਨਾਂ ਉਪਰ ਕੋਈ ਰਿਫਲੈਕਟਰ ਆਦਿ ਲੱਗਾ ਨਾ ਹੋਣ ਕਾਰਨ ਅੱਗੇ ਤੋਂ ਤੇਜ਼ ਲਾਈਟਾਂ ਵਾਲੇ ਵਹੀਕਲਜ ਆਉਣ ਤੇ ਅਜਿਹੇ ਵਹੀਕਲਜ ਐਕਸੀਡੈਂਟ ਦਾ ਕਾਰਨ ਬਣਦੇ ਹਨ, ਇਸ ਨਾਲ ਜਿੱਥੇ ਮਾਲੀ ਅਤੇ ਜਾਨੀ ਨੁਕਸਾਨ ਹੁੰਦਾ ਹੈ, ਉਥੇ ਕਈ ਵਾਰ ਆਮ ਜਨਤਾ ਵਿਚ ਅਸ਼ਾਂਤੀ ਅਤੇ ਨੁਕਸੇ ਅਮਨ ਦਾ ਖਤਰਾ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਲਈ ਅਜਿਹੇ ਵਹੀਕਲਜ ਨੂੰ ਰਿਫਲੈਕਟਰ ਤੋਂ ਬਿਨ੍ਹਾਂ ਚੱਲਣ ਤੇ ਰੋਕ ਲਗਾਈ ਜਾਣੀ ਜਰੂਰੀ ਹੈ।

ਜਿਵੇਂ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 6842 ਆਫ 2000 ਵਿਚ ਵੀ ਅਗਵਾਹੀ ਲੀਹਾਂ ਦਿੱਤੀਆਂ ਗਈਆਂ ਹਨ ਕਿ ਅਜਿਹੇ ਵਹੀਕਲਜ ਦੇ ਪਿੱਛੇ ਰਿਫਲੈਕਟਰ ਲਗਵਾਏ ਜਾਣ।

ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਫੌਜਦਾਰੀ ਜਾਬਤਾ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਹੁਕਮ ਕਰਦਾ ਹਾਂ ਕਿ ਜਿਲ੍ਹਾ ਗੁਰਦਾਸਪੁਰ ਵਿੱਚ ਕੋਈ ਵੀ ਵਿਅੱਕਤੀ ਸਾਈਕਲ/ਰਿਕਸ਼ਾ/ਟਰੈਕਟਰ ਟਰਾਲੀ/ਰੇਹੜੀ ਅਤੇ ਹੋਰ ਕੋਈ ਗੱਡੀ ਜਿਸਦੇ ਅੱਗੇ ਪਿੱਛੇ ਲਾਈਟਾਂ ਨਹੀਂ ਹਨ, ਲਾਲ ਰੰਗ ਦੇ ਰਿਫਲੈਕਟਰ ਜ਼ਾਂ ਕੋਈ ਆਈ ਗਲਾਸ ਜਾਂ ਚਮਕਦਾਰ ਟੇਪ ਫਿੱਟ ਕਰਵਾਏ ਬਿਨ੍ਹਾਂ ਨਹੀ ਚਲਾਏਗਾ।

ਇਹ ਹੁਕਮ ਮੌਜੂਦਾ ਜਾਬਤਾ ਨੂੰ ਮੁੱਖ ਰੱਖਦੇ ਇੱਕਤਰਫਾ ਪਾਸ ਕਰਕੇ ਆਮ ਪਬਲਿਕ ਦੇ ਨਾਮ ਜਾਰੀ ਕੀਤਾ ਜਾਂਦਾ ਹੈ।

ਇਹ ਹੁਕਮ ਮਿਤੀ 29.10.2021 ਤੋਂ ਲੈ ਕੇ ਮਿਤੀ 27.12.2021 ਤੱਕ ਲਾਗੂ ਰਹੇਗਾ।

ਇਹ ਹੁਕਮ ਲਾਗੂ ਕਰਨ ਲਈ ਜਿਲ੍ਹਾ ਲੋਕ ਸੰਪਰਕ ਅਫਸਰ, ਗੁਰਦਾਸਪੁਰ ਦੀ ਪ੍ਰਚਾਰ ਵੈਨ ਰਾਹੀਂ ਪ੍ਰਚਾਰ ਕਰਕੇ/ਅਕਾਸ਼ਵਾਣੀ/ਦੂਰਦਰਸ਼ਨ ਦੀਆਂ ਘੋਸ਼ਣਾ ਕਰਵਾ ਕੇ ਅਤੇ ਪੁਲਿਸ ਸਟੇਸ਼ਨ/ਨਗਰਪਾਲਿਕਾ/ਉਪ ਮੰਡਲ ਮੈਜਿਸਟਰੇਟ/ਤਹਿਸੀਦਾਰਾਂ/ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ/ਮਾਰਕੀਟ ਕਮੇਟੀ ਆਦਿ ਦੇ ਨੋਟਿਸ ਬੋਰਡਾਂ ਅਤੇ ਗੁਰਦਾਸਪੁਰ ਦੀਆਂ ਜਨਤਕ ਥਾਵਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇ।

ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29-10-2021 ਨੂੰ ਜਾਰੀ ਕੀਤਾ ਜਾਂਦਾ ਹੈ।

ਵਧੀਕ ਜਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

ਪਿੱ.ਅੰ.ਨੰ. 9251-9300/ਐਮ.ਸੀ.2/ਐਮ.ਏ.,ਮਿਤੀ 29-10-2021

ਇਸ ਦਾ ਇੱਕ ਉਤਾਰਾ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਿਹ ਸਕੱਤਰ, ਪੰਜਾਬ ਸਰਕਾਰ, ਗ੍ਰਿਹ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ ਜਲੰਧਰ।
4. ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਤੇ ਸੈਸਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ(ਜ) ਅਤੇ (ਵਿ)।
8. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ/ਬਟਾਲਾ 5 ਕਾਪੀਆ
9. ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
10. ਜਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ
11. ਸਿਵਲ ਸਰਜਨ,ਗੁਰਦਾਸਪੁਰ।
12. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਗੁਰਦਾਸਪੁਰ ਡਵੀਜਨ,ਗੁਰਦਾਸਪੁਰ।
13. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਮਾਧੋਪੁਰ ਡਵੀਜਨ,ਗੁਰਦਾਸਪੁਰ।
14. ਕਾਰਜਕਾਰੀ ਇੰਜੀਨੀਅਰ,ਡਰੇਨਜ ਵਿਭਾਗ, ਗੁਰਦਾਸਪੁਰ।
15. ਜਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ 5 ਕਾਪੀਆ
16. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਗੁਰਦਾਸਪੁਰ।
17. ਜਿਲ੍ਹਾ ਮਾਲ ਅਫ਼ਸਰ, ਗੁਰਦਾਸਪੁਰ।
18. ਜਿਲ੍ਹਾ ਸਿਖਿਆ ਅਫ਼ਸਰ (ਸ), ਗੁਰਦਾਸਪੁਰ।
19. ਜਿਲ੍ਹਾ ਸਿਖਿਆ ਅਫ਼ਸਰ (ਪ੍ਰਾ), ਗੁਰਦਾਸਪੁਰ।
20. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਗੁਰਦਾਸਪੁਰ।
21. ਮੁਖ ਖੇਤੀਬਾੜੀ ਅਫਸਰ, ਗੁਰਦਾਸਪੁਰ।
22. ਜਿਲ੍ਹਾ ਮੰਡੀ ਅਫਸਰ, ਗੁਰਦਾਸਪੁਰ।
23. ਪੀ.ਏ.ਟੂ ਡੀ.ਸੀ. ਸਟੈਨੋ ਟੂ ਏ.ਡੀ.ਸੀ.

ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Additional District Magistrate
GURDASPUR

ਵਧੀਕ ਜਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

# ਦਫਤਰ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ

ਜ਼ਦੋਂ ਕਿ ਭਾਰਤ ਵਿੱਚ ਮਿਲਟਰੀ ਅਧਿਕਾਰੀਆ ਅਤੇ ਉਲਾਈਵ ਰੰਗ (ਮਿਲਟਰੀ ਰੰਗ) ਦੀ ਮਿਲਟਰੀ ਵਰਦੀ ਅਤੇ ਉਲਾਈਵ ਰੰਗ ਦੀਆਂ ਜੀਪਾਂ/ਮੋਟਰਸਾਈਕਲਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਕਿਸੇ ਵੀ ਸਮਾਜ ਵਿਰੋਧੀ ਤੱਤਾਂ ਅਜਿਹੇ ਰੰਗ ਦੀ ਵਰਦੀ ਅਤੇ ਜੀਪਾਂ/ਮੋਟਰਸਾਈਕਲਾਂ ਆਦਿ ਦੀ ਵਰਤੋਂ ਕਰਦੇ ਹੋਏ ਕੋਈ ਵੀ ਗੈਰ-ਕਾਨੂੰਨੀ ਕਾਰਵਾਈ ਜਾਂ ਹਿੰਸਕ ਘਟਨਾ ਕੀਤੀ ਜਾ ਸਕਦੀ ਹੈ, ਜਿਸ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਖਤਰਾ ਹੋ ਸਕਦਾ ਹੈ। ਇਸ ਲਈ ਵੱਖਰੇਪਨ ਨੂੰ ਯਕੀਨੀ ਬਣਾਉਣ ਵਾਸਤੇ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਇਹ ਜਰੂਰੀ ਹੈ ਕਿ ਉਲਾਈਵ ਰੰਗ ਦੀ ਵਰਤੋਂ ਆਮ ਜਨਤਾ ਵਲੋਂ ਤੁਰੰਤ ਬੰਦ ਕੀਤੀ ਜਾਵੇ।

ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਫੌਜ਼ਦਾਰੀ ਜ਼ਾਬਤਾ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਇਆਂ ਇਸ ਹੁਕਮ ਦੁਆਰਾ ਮੈਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਆਮ ਜਨਤਾ ਕਿਸੇ ਵਲੋ ਵੀ ਉਲਾਈਵ ਰੰਗ ਦੀਆਂ ਵਰਦੀਆਂ, ਜੀਪਾਂ/ਮੋਟਰਸਾਈਕਲਾਂ ਦੀ ਵਰਤੋ ਕਰਨ ਤੇ ਰੋਕ ਲਗਾਉਂਦਾ ਹਾਂ। ਮਿਲਟਰੀ ਫੋਰਸਿਜ਼ ਅਤੇ ਬੀ.ਐਸ.ਐਫ. ਪਰਸੋਨਲ ਨੂੰ ਛੋਟ ਹੋਵੇਗੀ।

ਇਹ ਹੁਕਮ ਮਿਤੀ 29.10.2021 ਤੋਂ ਲੈ ਕੇ ਮਿਤੀ 27.12.2021 ਤੱਕ ਲਾਗੂ ਰਹੇਗਾ।

ਇਹ ਹੁਕਮ ਦਾ ਪ੍ਰਚਾਰ ਜਿਲ੍ਹਾ ਲੋਕ ਸੰਪਰਕ ਅਫ਼ਸਰ ਦੀ ਵੈਨ ਪ੍ਰਚਾਰ ਰਾਹੀਂ ਪ੍ਰਚਾਰ ਕਰਕੇ ਤੇ ਦਫ਼ਤਰ ਦੇ ਨੋਟਿਸ ਬੋਰਡਾਂ ਤੇ ਸ਼ਹਿਰ ਦੀਆਂ ਖਾਸ ਥਾਵਾਂ ਤੇ ਇਸ ਦੀਆਂ ਕਾਪੀਆਂ ਚਪਕਾ ਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29-10-2021 ਨੂੰ ਜਾਰੀ ਕੀਤਾ ਜਾਂਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

ਪਿੱ.ਅੰ.ਨੰ. 9301-50 /ਐਮ.ਸੀ.2/ਐਮ.ਏ., ਮਿਤੀ 29-10-2021

ਇਸ ਦਾ ਇੱਕ ਉਤਾਰਾ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਿਹ ਸਕੱਤਰ, ਪੰਜਾਬ ਸਰਕਾਰ, ਗ੍ਰਿਹ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ ਜਲੰਧਰ।
4. ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਤੇ ਸੈਸ਼ਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ(ਜ) ਅਤੇ (ਵਿ)।
8. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ/ਬਟਾਲਾ 5 ਕਾਪੀਆ
9. ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
10. ਜਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ
11. ਸਿਵਲ ਸਰਜਨ,ਗੁਰਦਾਸਪੁਰ।
12. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਗੁਰਦਾਸਪੁਰ ਡਵੀਜਨ,ਗੁਰਦਾਸਪੁਰ।
13. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਮਾਧੋਪੁਰ ਡਵੀਜਨ,ਗੁਰਦਾਸਪੁਰ।
14. ਕਾਰਜਕਾਰੀ ਇੰਜੀਨੀਅਰ,ਡਰੇਨੇਜ ਵਿਭਾਗ, ਗੁਰਦਾਸਪੁਰ।
15. ਜਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ 5 ਕਾਪੀਆ
16. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਗੁਰਦਾਸਪੁਰ।
17. ਜਿਲ੍ਹਾ ਮਾਲ ਅਫ਼ਸਰ, ਗੁਰਦਾਸਪੁਰ।
18. ਜਿਲ੍ਹਾ ਸਿਖਿਆ ਅਫ਼ਸਰ (ਸ), ਗੁਰਦਾਸਪੁਰ।
19. ਜਿਲ੍ਹਾ ਸਿਖਿਆ ਅਫ਼ਸਰ (ਪ੍ਰਾ), ਗੁਰਦਾਸਪੁਰ।
20. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਗੁਰਦਾਸਪੁਰ।
21. ਮੁਖ ਖੇਤੀਬਾੜੀ ਅਫਸਰ, ਗੁਰਦਾਸਪੁਰ।
22. ਜਿਲ੍ਹਾ ਮੰਡੀ ਅਫਸਰ, ਗੁਰਦਾਸਪੁਰ।
23. ਪੀ.ਏ.ਟੂ ਡੀ.ਸੀ. ਸਟੈਨੋ ਟੂ ਏ.ਡੀ.ਸੀ.

ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Additional District Magistrate GURDASPUR

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

# ਦਫਤਰ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ

ਹੁਕਮ

ਜ਼ਿਲ੍ਹਾ ਗੁਰਦਾਸਪੁਰ ਦੇ ਸ਼ਹਿਰੀ ਅਤੇ ਪੇਂਡੂ ਖ਼ੇਤਰਾਂ ਵਿੱਚ ਕੱਚੀਆ ਖੂਹੀਆਂ ਪੁਟਣ ਕਰਕੇ ਕਈ ਲੋਕ ਦੁਰਘਟਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਇਸ ਕਾਰਨ ਕਈ ਮੌਤਾਂ ਵੀ ਹੋ ਸਕਦੀਆਂ ਹਨ, ਅਜਿਹੀਆਂ ਦੁਰਘਟਨਾਵਾਂ ਦੀ ਰੋਕਥਾਮ ਕਰਨੀ ਜਰੂਰੀ ਹੈ। ਇਸ ਸਬੰਧ ਵਿਚ ਪੰਜਾਬ ਸਰਕਾਰ, ਸਮਾਜਿਕ ਸੁਰਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ (ਸਮਾਜਿਕ ਸੁਰਖਿਆ ਸ਼ਾਖਾ) ਦੇ ਪੱਤਰ ਨੰ:12/40/2010-1 ਸ.ਸ./2480-84, ਮਿਤੀ 25-8-12 ਰਾਹੀ ਹੇਠ ਲਿਖੀਆਂ ਹਦਾਇਤਾਂ ਵੀ ਜਾਰੀ ਕੀਤੀਆ ਗਈਆ ਹਨ:-

1. ਖੂਹ/ਬੋਰ ਲਗਾਉਣ ਤੋ ਪਹਿਲਾਂ ਭੂੰਮੀ ਮਾਲਕ 15 ਦਿਨ ਪਹਿਲਾਂ ਜਿਲ੍ਹਾ ਮੈਜਿਸਟਰੇਟ ਜਾਂ ਉਪ ਮੰਡਲ ਮੈਜਿਸਟਰੇਟ ਜਾਂ ਬੀ.ਡੀ.ਪੀ.ਓ. ਜਾਂ ਈ.ਓ.ਜਾਂ ਸਰਪੰਚ ਜਾਂ ਪਬਲਿਕ ਹੈਲਥ/ਮਿਊਸਪੈਲਟੀ ਕਮੇਟੀ ਦੇ ਸਬੰਧਤ ਅਫ਼ਸਰ ਨੂੰ ਸੂਚਿਤ ਕਰਨਗੇ।
2. ਖੂਹ/ਬੋਰ ਲਗਾਉਣ ਵਾਲੀਆਂ ਸਾਰੀਆਂ ਏਜੰਸੀਆਂ ਜਿਵੇ ਕਿ ਸਰਕਾਰੀ/ਅਰਧ ਸਰਕਾਰੀ/ਪ੍ਰਾਈਵੇਟ ਆਦਿ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਦੇ ਧਿਆਨ ਵਿਚ ਲਿਆਉਦਿਆਂ ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮੰਡਲ 1/2 ਗੁਰਦਾਸਪੁਰ ਪਾਸੋਂ ਅਜਿਹੀਆਂ ਰਜਿਸਟ੍ਰੇਸਨ ਕਰਾਉਣਗੀਆਂ ਭਾਵ ਜਿਲ੍ਹਾ ਗੁਰਦਾਸਪੁਰ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਕੋਈ ਵੀ ਵਿਅੱਕਤੀ, ਕਾਰਜਕਾਰੀ ਇੰਜੀਨੀਅਰ,ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਗੁਰਦਾਸਪੁਰ ਦੇ ਅਧਿਕਾਰ ਖੇਤਰ ਅਨੁਸਾਰ, ਬਿਨਾਂ ਰਜਿਸਟ੍ਰੇਸ਼ਨ/ਲਿਖਤੀ ਪ੍ਰਵਾਨਗੀ ਖੂਹ/ਬੋਰ ਨਹੀ ਲਗਾਵੇਗਾ।
3. ਖੂਹ/ਬੋਰ ਲਗਾਉਣ ਵਾਲੀ ਜਗ੍ਹਾ ਦੇ ਨਜ਼ਦੀਕ ਸਾਈਨ ਬੋਰਡ ਉੱਤੇ ਖੂਹ/ਬੋਰ ਲਗਾਉਣ ਵਾਲੀਆ ਏਜੰਸੀਆ ਦਾ ਪਤਾ ਅਤੇ ਬੋਰ ਦੇ ਮਾਲਕ ਦਾ ਪੂਰਾ ਪਤਾ ਹੋਣਾ ਚਾਹੀਦਾ ਹੈ।
4. ਖੂਹ/ਬੋਰ ਦੀ ਖੁਦਾਈ ਸਮੇਂ ਉਸ ਜਗ੍ਹਾ ਦੇ ਆਲੇ ਦੁਆਲੇ ਕੰਡਿਆਲੀ ਤਾਰ ਜਾਂ ਕੋਈ ਉਚਿਤ ਬੈਰੀਕੈਡਿੰਗ ਲਗਾਉਣੀ ਹੋਵੇਗੀ।
5. ਖੂਹ/ਬੋਰ ਦੀ ਉਸਾਰੀ ਤੋਂ ਬਾਅਦ ਉਸ ਦੇ ਤਲੇ ਜਮੀਨ ਦੇ ਪੱਧਰ ਤੋਂ ਉਪਰ ਅਤੇ ਥੱਲੇ ਸੀਮੈਂਟ ਅਤੇ ਕੰਕਰੀਟ ਦਾ ਨਿਸਚਿਤ ਪਲੇਟ ਫਾਰਮ ਬਨਾਉਣਾ ਹੋਵੇਗਾ।
6. ਖੂਹ/ਬੋਰ ਦਾ ਢੱਕਣ ਕੇਸਿੰਗ ਪਾਈਪ ਨਾਲ ਨਟ-ਬੋਲਟਾਂ ਨਾਲ ਫਿਕਸ ਹੋਣਾ ਚਾਹੀਦਾ ਹੈ।
7. ਪੰਪ ਦੀ ਮੁਰੰਮਤ ਦੀ ਸੂਰਤ ਵਿਚ ਖੂਹ/ਬੋਰ ਨੂੰ ਖੁੱਲਾ ਨਾ ਛੱਡਿਆ ਜਾਵੇ।
8. ਖੂਹ/ਬੋਰ ਦਾ ਕੰਮ ਮੁਕੰਮਲ ਹੋਣ ਤੋ ਬਾਅਦ ਟੋਆ, ਮਿੱਟੀ ਨਾਲ ਚੰਗੀ ਤਰ੍ਹਾ ਭਰ ਦਿੱਤਾ ਜਾਵੇ।
9. ਨਕਾਰਾ/ਬੰਦ ਪਏ ਖੂਹ ਨੂੰ ਮਿੱਟੀ/ਪੱਥਰ/ਕੰਕਰੀਟ ਵਗੈਰਾ ਨਾਲ ਤਲੇ ਤੋਂ ਲੈ ਕੇ ਉਪਰ ਤੱਕ ਚੰਗੀ ਤਰ੍ਹਾਂ ਭਰ ਕੇ ਬੰਦ ਕਰ ਦਿੱਤਾ ਜਾਵੇ।
10. ਖੂਹ/ਬੋਰ ਦੀ ਪੁਟਾਈ ਦਾ ਕੰਮ ਮੁਕੰਮਲ ਹੋਣ ਤੇ ਜਿਸ ਜਗ੍ਹਾ ਤੇ ਖੂਹ/ਬੋਰ ਬਣਾਇਆ ਹੈ, ਦੀ ਸਥਿਤੀ ਪਹਿਲਾਂ ਵਾਲੀ ਬਰਕਰਾਰ ਬਣਾਈ ਜਾਵੇ।
11. ਡੀ.ਡੀ.ਪੀ.ਓ. ਗੁਰਦਾਸਪੁਰ ਸਾਰੇ ਜਿਲ੍ਹੇ ਦੇ ਬੋਰ/ਖੂਹਾਂ ਦੀ ਸੂਚਨਾ ਬੀ.ਡੀ.ਪੀ.ਉਜ/ਸਰਪੰਚਾਂ ਪਾਸੋ ਇਕੱਤਰ ਕਰਕੇ ਆਪਣੇ ਦਫ਼ਤਰ ਵਿਚ ਤਿਆਰ ਰੱਖਣ।

ਇਸ ਹੁਕਮ ਦੀ ਉਲੰਘਣਾ ਕਰਨ ਵਾਲੇ ਦੇ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਫੌਜਦਾਰੀ ਸੰਘਤਾ 1973 ਦੀ ਧਾਰਾ 144 ਸੀ.ਆਰ.ਪੀ.ਸੀ.ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਇਆਂ ਇਹ ਹੁਕਮ ਜਾਰੀ ਕਰਦਾ ਹਾਂ, ਕਿ ਜਿਲ੍ਹਾ ਗੁਰਦਾਸਪੁਰ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਉਪਰੋਕਤ ਦਰਸਾਈਆਂ ਗਈਆਂ ਹਦਾਇਤਾਂ ਤੋਂ ਬਿਨਾਂ ਕੋਈ ਵੀ ਵਿਅਕਤੀ ਸਰਕਾਰੀ/ਗੈਰ ਸਰਕਾਰੀ ਸੰਸਥਾਵਾਂ ਜਾਂ ਹੋਰ ਕੋਈ ਸਬੰਧਿਤ ਵਿਭਾਗਾਂ ਪਾਸੋਂ ਲਿਖਤੀ ਪ੍ਰਵਾਨਗੀ ਅਤੇ ਦੇਖ ਰੇਖ ਤੋਂ ਬਗੈਰ ਕੱਚੀਆਂ ਖੂਹੀਆਂ ਨਹੀਂ ਪੁੱਟੇਗਾ/ਪੁਟਾਏਗਾ।

ਇਹ ਹੁਕਮ ਮਿਤੀ 29.10.2021 ਤੋਂ ਮਿਤੀ 27.12.2021 ਤੱਕ ਲਾਗੂ ਰਹੇਗਾ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾ ਰਿਹਾ ਹੈ। ਇਹ ਹੁਕਮ ਜਿਲ੍ਹਾ ਮੈਜਿਸਟਰੇਟ, ਸੀਨੀਅਰ ਪੁਲਿਸ ਕਪਤਾਨਾਂ, ਉਪ ਮੰਡਲ ਮੈਜਿਸਟਰੇਟਾਂ, ਤਹਿਸੀਲਦਾਰਾਂ, ਕਾਰਜ ਸਾਧਕ ਅਫਸਰ ਨਗਰ ਕੌਸਲਾਵਾਂ, ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਅਤੇ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਅਤੇ ਲੋਕ ਸੰਪਰਕ ਵਿਭਾਗ, ਗੁਰਦਾਸਪੁਰ ਦੀ ਪ੍ਰਚਾਰ ਵੈਨ ਰਾਹੀਂ ਪ੍ਰਚਾਰ ਕਰਕੇ ਲਾਗੂ ਕੀਤਾ ਜਾਵੇਗਾ। ਜਿਲ੍ਹਾ ਪੱਧਰ ਤੇ ਇਸ ਦਾ ਰਿਕਾਰਡ ਜਿਲ੍ਹਾ ਮੈਜਿਸਟਰੇਟ ਦੇ ਬਿਹਾਫ ਤੇ ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਵੱਲੋਂ ਰੱਖਿਆ ਜਾਵੇਗਾ।

ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29-10-2021 ਨੂੰ ਜਾਰੀ ਹੋਇਆ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

ਪਿੱ.ਅੰ.ਨੰ. 9351-9400 /ਐਮ.ਸੀ.2/ਐਮ.ਏ., ਮਿਤੀ 29-10-2021

ਇਸ ਦਾ ਇੱਕ ਉਤਾਰਾ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ ਜਲੰਧਰ।
4. ਡਾਇਰੈਕਟਰ ਜਨਰਲ ਆਫ ਪੰਜਾਬ ਪੁਲਿਸ ਚੰਡੀਗੜ੍ਹ।
5. ਜਿਲ੍ਹਾ ਤੇ ਸੈਸਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ(ਜ) ਅਤੇ (ਵਿ)।
8. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ/ਬਟਾਲਾ 5 ਕਾਪੀਆ
9. ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
10. ਜਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ
11. ਸਿਵਲ ਸਰਜਨ,ਗੁਰਦਾਸਪੁਰ।
12. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਗੁਰਦਾਸਪੁਰ ਡਵੀਜਨ,ਗੁਰਦਾਸਪੁਰ।
13. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਮਾਧੋਪੁਰ ਡਵੀਜਨ,ਗੁਰਦਾਸਪੁਰ।
14. ਕਾਰਜਕਾਰੀ ਇੰਜੀਨੀਅਰ,ਡਰੇਨਜ ਵਿਭਾਗ, ਗੁਰਦਾਸਪੁਰ।
15. ਜਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ 5 ਕਾਪੀਆ
16. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਗੁਰਦਾਸਪੁਰ।
17. ਜਿਲ੍ਹਾ ਮਾਲ ਅਫ਼ਸਰ, ਗੁਰਦਾਸਪੁਰ।
18. ਜਿਲ੍ਹਾ ਸਿਖਿਆ ਅਫ਼ਸਰ (ਸ), ਗੁਰਦਾਸਪੁਰ।
19. ਜਿਲ੍ਹਾ ਸਿਖਿਆ ਅਫ਼ਸਰ (ਪ੍ਰਾ), ਗੁਰਦਾਸਪੁਰ।
20. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਗੁਰਦਾਸਪੁਰ।
21. ਮੁਖ ਖੇਤੀਬਾੜੀ ਅਫਸਰ, ਗੁਰਦਾਸਪੁਰ।
22. ਜਿਲ੍ਹਾ ਮੰਡੀ ਅਫਸਰ, ਗੁਰਦਾਸਪੁਰ।
23. ਪੀ.ਏ.ਟੂ ਡੀ.ਸੀ. ਸਟੈਨੋ ਟੂ ਏ.ਡੀ.ਸੀ.

ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Additional District Magistrate GURDASPUR

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

# ਦਫਤਰ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ

ਹੁਕਮ

ਮੇਰੇ ਧਿਆਨ ਵਿੱਚ ਇਹ ਗੱਲ ਲਿਆਂਦੀ ਗਈ ਹੈ ਕਿ ਜਿਲ੍ਹਾ ਗੁਰਦਾਸਪੁਰ ਦੇ ਸ਼ਹਿਰਾਂ ਵਿੱਚ ਜੋ ਬਾਹਰਲੇ ਵਿਅਕਤੀ ਹੋਟਲਾਂ,ਰੈਸਟੋਰੈਂਟਾਂ, ਧਰਮਸਾਲਾਵਾਂ ਵਿੱਚ ਆ ਕੇ ਠਹਿਰਦੇ ਹਨ, ਉਹਨਾਂ ਦੀ ਸ਼ਨਾਖਤ ਵਜੋਂ ਹੋਟਲਾਂ, ਰੈਸਟੋਰੇਟਾਂ, ਧਰਮਸਾਲਾਵਾਂ ਦੇ ਮਾਲਕਾਂ ਵਲੋਂ ਕੋਈ ਸਬੂਤ ਆਦਿ ਨਹੀਂ ਲਿਆ ਜਾਂਦਾ, ਜਿਸ ਕਾਰਣ ਜਦੋਂ ਕੋਈ ਅਣ-ਸੁਖਾਵੀਂ ਘਟਨਾ ਵਾਪਰ ਜਾਂਦੀ ਹੈ ਤਾਂ ਉਸ ਬਾਰੇ ਸੁਰਾਗ ਲੱਭਣਾ ਔਖਾ ਹੋ ਜਾਂਦਾ ਹੈ। ਇਸ ਲਈ ਕਾਨੂੰਨ ਅਤੇ ਵਿਵੱਸਥਾ ਨੂੰ ਸੁਚਾਰੂ ਰੂਪ ਨਾਲ ਚਲਾਉਣ ਵਾਸਤੇ ਅਜਿਹੇ ਵਿਜੀਟਰਾਂ ਦੀ ਹੋਟਲਾਂ, ਰੈਸਟੋਰੈਂਟਾਂ, ਧਰਮਸ਼ਾਲਾਵਾਂ ਵਿੱਚ ਐਟਰੀ ਸਮੇਂ ਸ਼ਨਾਖਤ ਹੋਣਾ ਜਰੂਰੀ ਹੈ।

ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਜਾਬਤਾ ਫੌਜਦਾਰੀ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਇਆਂ ਇਸ ਹੁਕਮ ਦੁਆਰਾ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੈਂਦੇ ਹੁਟਲਾਂ, ਰੈਸਟੋਰੈਂਟਾਂ, ਧਰਮਸਾਲਾਵਾਂ ਦੇ ਮਾਲਕਾਂ/ਮੈਨੇਜਰਾਂ ਵਲੋਂ ਉਥੇ ਠਹਿਰਣ ਵਾਲੇ ਵਿਅਕਤੀਆਂ ਦੀ ਸ਼ਨਾਖਤ ਸਬੰਧੀ ਕੋਈ ਸਬੂਤ ਲੈਣਾ ਅਤੇ ਉਹਨਾਂ ਸਬੂਤਾਂ ਬਾਰੇ ਐਂਟਰੀਆਂ ਦਾ ਰਜਿਸਟਰ ਵਿੱਚ ਇੰਦਰਾਜ ਕਰਨਾ ਜਰੂਰੀ ਹੋਵੇਗਾ ਅਤੇ ਉਹ ਇਸ ਦੀ ਸੂਚਨਾਂ ਸਬੰਧਤ ਥਾਣਿਆਂ ਨੂੰ ਦੇਣਗੇ।ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਦੇ ਨਾਮ ਜਾਰੀ ਕੀਤਾ ਜਾਂਦਾ ਹੈ।

ਇਹ ਹੁਕਮ ਮਿਤੀ 29.10.2021 ਤੋਂ ਲੈ ਕੇ ਮਿਤੀ 27.12.2021 ਤੱਕ ਲਾਗੂ ਰਹੇਗਾ।

ਇਹ ਹੁਕਮ ਨੂੰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਗੁਰਦਾਸਪੁਰ ਦੀ ਪ੍ਰਚਾਰ ਵੈਨ ਰਾਹੀਂ ਕਰਵਾ ਕੇ ਅਤੇ ਦਫ਼ਤਰਾਂ ਦੇ ਨੋਟਿਸ ਬੋਰਡਾਂ ਅਤੇ ਸ਼ਹਿਰ ਦੀਆਂ ਖਾਸ ਥਾਵਾਂ ਤੇ ਇਸ ਦੀਆਂ ਕਾਪੀਆਂ ਚਪਕਾ ਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29-10-2021 ਨੂੰ ਜਾਰੀ ਕੀਤਾ ਜਾਂਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

ਪਿੱ.ਅੰ.ਨੰ. 9401-9450/ਐਮ.ਸੀ.2/ਐਮ.ਏ., ਮਿਤੀ 29-10-2021

ਇਸ ਦਾ ਇੱਕ ਉਤਾਰਾ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ ਜਲੰਧਰ।
4. ਡਾਇਰੈਕਟਰ ਜਨਰਲ ਆਫ ਪੁਲਿਸ ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਤੇ ਸੈਸ਼ਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ(ਜ) ਅਤੇ (ਵਿ)।
8. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ/ਬਟਾਲਾ 5 ਕਾਪੀਆ
9. ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
10. ਜਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ
11. ਸਿਵਲ ਸਰਜਨ, ਗੁਰਦਾਸਪੁਰ।
12. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਗੁਰਦਾਸਪੁਰ ਡਵੀਜਨ,ਗੁਰਦਾਸਪੁਰ।
13. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਮਾਧੋਪੁਰ ਡਵੀਜਨ,ਗੁਰਦਾਸਪੁਰ।
14. ਕਾਰਜਕਾਰੀ ਇੰਜੀਨੀਅਰ,ਡਰੇਨਜ ਵਿਭਾਗ, ਗੁਰਦਾਸਪੁਰ।
15. ਜਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ 5 ਕਾਪੀਆ
16. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਗੁਰਦਾਸਪੁਰ।
17. ਜਿਲ੍ਹਾ ਮਾਲ ਅਫ਼ਸਰ, ਗੁਰਦਾਸਪੁਰ।
18. ਜਿਲ੍ਹਾ ਸਿਖਿਆ ਅਫ਼ਸਰ (ਸ), ਗੁਰਦਾਸਪੁਰ।
19. ਜਿਲ੍ਹਾ ਸਿਖਿਆ ਅਫ਼ਸਰ (ਪ੍ਰਾ), ਗੁਰਦਾਸਪੁਰ।
20. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਗੁਰਦਾਸਪੁਰ।
21. ਮੁਖ ਖੇਤੀਬਾੜੀ ਅਫਸਰ, ਗੁਰਦਾਸਪੁਰ।
22. ਜਿਲ੍ਹਾ ਮੰਡੀ ਅਫਸਰ, ਗੁਰਦਾਸਪੁਰ।
23. ਪੀ.ਏ.ਟੂ ਡੀ.ਸੀ. ਸਟੈਨੋ ਟੂ ਏ.ਡੀ.ਸੀ.

ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

# ਦਫਤਰ ਜਿਲਾ ਮੈਜਿਸਟਰੇਟ, ਗੁਰਦਾਸਪੁਰ

ਹੁਕਮ

ਪਿਛਲੇ ਦਿਨੀ ਧਾਰਮਿਕ ਸਥਾਨਾਂ ਤੇ ਸ਼ਰਾਰਤੀ ਅਨਸਰਾਂ ਵਲੋ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਹਨ। ਇਹਨ੍ਹਾਂ ਕਾਰਨ ਇਲਾਕੇ ਵਿੱਚ ਤਨਾਵ ਪੈਦਾ ਹੁੰਦਾ ਹੈ ਅਤੇ ਲੋਕਾਂ ਦੀ ਜਾਨ-ਮਾਲ ਨੂੰ ਨੁਕਸਾਨ ਪਹੁੰਚਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਨ੍ਹਾਂ ਹਲਾਤਾਂ ਵਿੱਚ ਇਹ ਜਰੂਰੀ ਹੈ ਕਿ ਪਿੰਡਾਂ ਅਤੇ ਕਸਬਿਆਂ ਵਿੱਚ ਧਾਰਮਿਕ ਸਥਾਨਾਂ ਦੀ ਮਰਿਆਦਾ ਨੂੰ ਕਾਇਮ ਰੱਖਿਆ ਜਾਵੇ ਤਾਂ ਜੋ ਧਾਰਮਿਕ ਸਥਾਨਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚ ਸਕੇ।

2. ਹੁਣ ਜਦੋਂ ਕਿ ਮੈਨੂੰ ਯਕੀਨ ਹੋ ਚੁੱਕਾ ਹੈ ਜਿਲ੍ਹੇ ਵਿੱਚ ਅਮਨ ਕਾਨੂੰਨ ਬਣਾਏ ਰੱਖਣ ਲਈ ਅਤੇ ਲੋਕਾਂ ਦੀ ਜਾਨ-ਮਾਲ ਅਤੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਲਈ ਢੁੱਕਵੇਂ ਕਦਮ ਉਠਾਉਣ ਦੀ ਫੌਰੀ ਜਰੂਰਤ ਹੈ। ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ, ਜ਼ਿਲਾ ਗੁਰਦਾਸਪੁਰ ਦੀ ਹਦੂਦ ਵਿੱਚ ਪੰਜਾਬ ਵਿਲੈਜ ਤੇ ਸਮਾਲ ਟਾਊਨਜ਼-ਪੈਟਰੋਲ ਐਕਟ 1918 ਦੀ ਧਾਰਾ 3 ਅਤੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਜਿਲ੍ਹਾ ਗੁਰਦਾਸਪੁਰ ਵਿੱਚ ਸਮੂਹ ਧਾਰਮਿਕ ਸਥਾਨਾਂ ਤੇ ਅਗਲੇ ਹੁਕਮਾਂ ਤੱਕ ਠੀਕਰੀ ਪੈਹਰਾ ਲਗਾਉਣ ਲਈ ਪਿੰਡਾਂ ਦੀਆਂ ਸਮੂਹ ਪੰਚਾਇਤਾਂ ਅਤੇ ਧਾਰਮਿਕ ਸਥਾਨਾਂ ਦੀਆਂ ਕਮੇਟੀਆਂ/ਬੋਰਡ/ਟਰੱਸਟ ਦੇ ਮੁੱਖੀਆਂ ਦੀ ਜਿੰਮੇਵਾਰੀ ਲਗਾਉਦਾ ਹਾਂ।

3. ਇਹ ਹੁਕਮ ਮੌਜੂਦਾ ਸਥਿਤੀ ਨੂੰ ਮੁੱਖ ਰੱਖਦੇ ਹੋਏ ਇੱਕ ਤਰਫਾ ਪਾਸ ਕੀਤਾ ਜਾਦਾ ਹੈ ਅਤੇ ਆਮ ਲੋਕਾ ਦੇ ਨਾਮ ਜਾਰੀ ਕੀਤਾ ਜਾਂਦਾ ਹੈ।ਇਹ ਹੁਕਮ ਮਿਤੀ 29.10.2021 ਤੋਂ ਲੈ ਕੇ ਮਿਤੀ 27.12.2021 ਤੱਕ ਲਾਗੂ ਰਹੇਗਾ।

4. ਇਹ ਹੁਕਮ ਢੋਲ ਵਜਾ ਕੇ ਅਤੇ ਲੋਕ ਸੰਪਰਕ ਵਿਭਾਗ ਦੀ ਪ੍ਰਚਾਰ ਵੈਨ ਰਾਹੀਂ ਲਾਗੂ ਕੀਤਾ ਜਾਵੇਗਾ।

5. ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29.10.2021 ਜਾਰੀ ਹੋਇਆ।

ਵਧੀਕ ਜਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

ਪਿੱਠ ਅੰਕਣ ਨੰ:9451-9500/ਐਮ.ਏ./ਐਮ.ਸੀ.-2, ਮਿਤੀ: 29-10-2021

ਇਸ ਦਾ ਇਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ ਜਲੰਧਰ।
4. ਡਾਇਰੈਕਟਰ ਜਨਰਲ ਆਫ ਪੁਲਿਸ ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਤੇ ਸੈਸ਼ਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ(ਜ) ਅਤੇ (ਵਿ)।
8. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ/ਬਟਾਲਾ 5 ਕਾਪੀਆ
9. ਡੀ.ਆਈ.ਜੀ., ਬੀ.ਐਸ.ਐਫ., ਗੁਰਦਾਜਸਪੁਰ।
10. ਕਮਾਂਡਿੰਗ ਅਫਸਰ, ਇੰਡੀਅਨ ਆਰਮੀ, ਤਿੱਬੜੀ ਕੈਂਟ, ਗੁਰਦਾਸਪੁਰ।
11. ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
12. ਜਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ
13. ਸਿਵਲ ਸਰਜਨ, ਗੁਰਦਾਸਪੁਰ।
14. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਗੁਰਦਾਸਪੁਰ ਡਵੀਜਨ,ਗੁਰਦਾਸਪੁਰ।
15. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਮਾਧੋਪੁਰ ਡਵੀਜਨ,ਗੁਰਦਾਸਪੁਰ।
16. ਕਾਰਜਕਾਰੀ ਇੰਜੀਨੀਅਰ,ਡਰੇਨਜ ਵਿਭਾਗ, ਗੁਰਦਾਸਪੁਰ।
17. ਜਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ 5 ਕਾਪੀਆ
18. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਗੁਰਦਾਸਪੁਰ।
19. ਜਿਲ੍ਹਾ ਮਾਲ ਅਫ਼ਸਰ, ਗੁਰਦਾਸਪੁਰ।
20. ਜਿਲ੍ਹਾ ਸਿਖਿਆ ਅਫ਼ਸਰ (ਸ), ਗੁਰਦਾਸਪੁਰ।
21. ਜਿਲ੍ਹਾ ਸਿਖਿਆ ਅਫ਼ਸਰ (ਪ੍ਰਾ), ਗੁਰਦਾਸਪੁਰ।
22. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਗੁਰਦਾਸਪੁਰ।
23. ਮੁਖ ਖੇਤੀਬਾੜੀ ਅਫਸਰ, ਗੁਰਦਾਸਪੁਰ।
24. ਜਿਲ੍ਹਾ ਮੰਡੀ ਅਫਸਰ, ਗੁਰਦਾਸਪੁਰ।
25. ਪੀ.ਏ.ਟੂ ਡੀ.ਸੀ. ਸਟੈਨੋ ਟੂ ਏ.ਡੀ.ਸੀ.

ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Additional District Magistrate GURDASPUR

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

# ਦਫ਼ਤਰ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ

## ਹੁਕਮ

ਡਾਇਰੈਕਟਰ, ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਚੰਡੀਗੜ੍ਹ ਵੱਲੋਂ ਪੱਤਰ ਨੰਬਰ ਐਮ.ਡੀ.ਐਮ.ਸੀ/ਐਮ.ਐਫ.ਏ/291416-435 ਮਿਤੀ 15.1.2008 ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਸਕੂਲ ਵਿਚ ਚੋਰੀ ਦੇ ਕੇਸ ਧਿਆਨ ਵਿਚ ਆਏ ਹਨ, ਸਕੂਲਾਂ ਵਿਚ ਕੰਪਿਊਟਰ ਮਸ਼ੀਨਾਂ ਅਤੇ ਹੋਰ ਫੂਡ ਮਟੀਰੀਅਲ ਆਦਿ ਰੱਖਿਆ ਹੋਇਆ ਹੈ, ਇਸ ਤੋਂ ਇਲਾਵਾ ਰਾਜ ਵਿਚ ਅੱਜਕੱਲ ਵੀ ਅਮਨ ਅਤੇ ਕਾਨੂੰਨ ਦੀ ਵਿਵਸਥਾ ਨੂੰ ਧਿਆਨ ਵਿਚ ਰੱਖਦੇ ਹੋਏ ਜਿਲ੍ਹਾ ਗੁਰਦਾਸਪੁਰ ਦੀ ਆਮ ਜਨਤਾ ਦੀ ਜਾਨ ਅਤੇ ਮਾਲ ਨੂੰ ਅਜਿਹੇ ਹਲਾਤਾਂ ਵਿਚ ਨੁਕਸਾਨ ਹੋ ਸਕਦਾ ਹੈ, ਇਸ ਲਈ ਅਜਿਹੇ ਹਲਾਤਾਂ ਕਾਰਨ ਪੈਦਾ ਹੋਈ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਚੋਰੀ ਦੀਆਂ ਵਾਰਦਾਤਾਂ ਤੇ ਕਾਬੂ ਪਾਉਣ ਲਈ ਅਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਜਿਲ੍ਹੇ ਅੰਦਰ ਪੈਂਦੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਠੀਕਰੀ ਪਹਿਰਾ ਲਗਾਉਣ ਦੀ ਜਰੂਰਤ ਹੈ।

2. ਹੁਣ ਜਦ ਮੈਨੂੰ ਯਕੀਨ ਹੋ ਚੁੱਕਾ ਹੈ ਕਿ ਅਮਨ ਕਾਨੂੰਨ ਬਣਾਈ ਰੱਖਣ ਲਈ ਅਤੇ ਲੋਕਾਂ ਦੀ ਜਾਨ ਅਤੇ ਮਾਲ ਦੀ ਰਾਖੀ ਵਾਸਤੇ ਢੁੱਕਵੇਂ ਕਦਮ ਉਠਾਉਣ ਦੀ ਫੌਰੀ ਜਰੂਰਤ ਹੈ। ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜਿਲਾ ਮੈਜਿਸਟਰੇਟ, ਗੁਰਦਾਸਪੁਰ ਪੰਜਾਬ ਵਿਲਜ ਤੇ ਸਮਾਲ ਟਾਊਨ, ਪੈਟਰੋਲ ਐਕਟ 1918 ਦੀ ਧਾਰਾ 3 ਅਤੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਦਿੰਦਾ ਹਾਂ ਕਿ ਗੁਰਦਾਸਪੁਰ ਜਿਲ੍ਹੇ ਅੰਦਰ ਸਾਰੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦੇ ਨਰੋਈ ਸਿਹਤ ਵਾਲੇ ਸਾਰੇ ਬਾਲਗ ਵਿਅਕਤੀਆਂ ਦੀ ਡਿਊਟੀ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਹਰ ਰੋਜ਼ ਸ਼ਾਮ 8-00 ਵਜੇ ਤੋਂ ਲੈ ਕੇ ਸਵੇਰੇ 5-00 ਵਜੇ ਤੱਕ ਗਸ਼ਤ ਠੀਕਰੀ ਪਹਿਰਾ/ਰਾਖੀ ਦੀ ਡਿਊਟੀ ਨਿਭਾਉਣਗੇ। ਹੁਕਮ ਕੀਤਾ ਜਾਂਦਾ ਹੈ ਕਿ ਜਿਲ੍ਹੇ ਦੇ ਹਰ ਨਗਰ ਕੌਂਸਲ, ਨਗਰ ਪੰਚਾਇਤ ਅਤੇ ਪਿੰਡਾਂ ਦੀਆਂ ਪੰਚਾਇਤਾਂ ਉਕਤ ਐਕਟ ਦੀ ਧਾਰਾ 4 (1) ਦੀ ਪੂਰੀ ਤਰਜਮਾਨੀ ਕਰਦਿਆਂ ਆਪਣੇ ਕਾਰਜ ਖੇਤਰ ਅੰਦਰ ਡਿਊਟੀ ਕਰਵਾਉਣਗੀਆਂ। ਡਿਊਟੀ ਦੇਣ ਵਾਲੇ ਵਿਅਕਤੀਆਂ ਦੀ ਅਗਾਊਂ ਸੂਚਨਾਂ ਸਬੰਧਤ ਮੁੱਖ ਥਾਣਾ ਅਫਸਰ ਅਤੇ ਮੇਰੇ ਦਫਤਰ ਨੂੰ ਕਰਨਗੀਆਂ। ਜਿਲ੍ਹੇ ਅੰਦਰ ਪੈਂਦੇ ਕਸਬਿਆ ਅਤੇ ਪਿੰਡਾ ਵਿਚ ਠੀਕਰੀ ਪਹਿਰਾ ਦੇਣ ਸਮੇਂ ਹੇਠ ਲਿਖੇ ਹੁਕਮ ਹੋਣਗੇ:-

1. ਠੀਕਰੀ ਪਹਿਰਾ ਦੇਣ ਵਾਲੇ ਵਿਅਕਤੀਆ ਦੀ ਉਮਰ 25 ਸਾਲ ਤੋਂ 65 ਸਾਲ ਨਿਰਧਾਰਤ ਕੀਤੀ ਜਾਂਦੀ ਹੈ।
2. ਸਬੰਧਤ ਨਗਰ ਕੌਂਸਲ, ਨਗਰ ਪੰਚਾਇਤਾ ਦੇ ਨੁਮਾਇੰਦਿਆ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਠੀਕਰੀ ਪਹਿਰਾ ਦੇਣ ਵਾਲੇ ਵਿਅਕਤੀਆ ਦੀ ਹਫਤਾਵਾਰੀ ਲਿਸਟ ਐਡਵਾਂਸ ਵਿਚ ਸਬੰਧਤ ਮੁੱਖ ਅਫਸਰ ਥਾਣਾ ਨੂੰ ਭੇਜਣਗੇ।
3. ਠੀਕਰੀ ਪਹਿਰਾ ਦੇਣ ਵਾਲੇ ਵਿਅਕਤੀ ਆਪਣੇ ਪਾਸ ਕਿਸੇ ਕਿਸਮ ਦੇ ਤੇਜਧਾਰ ਜਿਵੇਂ ਕ੍ਰਿਪਾਨ,ਦਾਤਰ,ਗੰਡਾਸੇ,ਛੁਰੀਆ ਆਦਿ ਨਹੀ ਰੱਖਣਗੇ।
4. ਸਾਬਕਾ ਫੌਜੀਆਂ, ਸਾਬਕਾ ਪੁਲਿਸ ਕਰਮਚਾਰੀਆ ਜਿਨਾ ਦੀ ਉਮਰ 25 ਤੋਂ 65 ਸਾਲ ਤੱਕ ਹੈ, ਉਹਨਾ ਦੀ ਡਿਊਟੀ ਜਿਆਦਾ ਲਗਾਈ ਜਾਵੇ।

ਉਪਰੋਕਤ ਸਥਿਤੀ ਕਾਰਨ ਪੈਦਾ ਹੋਏ ਮਾਮਲੇ ਦੀ ਤੱਤਪਰਤਾ ਨੂੰ ਦੇਖਦੇ ਹੋਏ ਇਹ ਹੁਕਮ ਇੱਕਤਰਫਾ ਪਾਸ ਕੀਤਾ ਜਾਂਦਾ ਹੈ। ਆਮ ਜਨਤਾ ਤੇ ਸਾਰੇ ਸਬੰਧਤਾਂ ਨੂੰ ਸੰਬੋਧਨ ਕੀਤਾ ਜਾਂਦਾ ਹੈ।

ਇਹ ਹੁਕਮ ਦਾ ਢੋਲ ਵਜਾ ਕੇ ਐਲਾਨ ਕੀਤਾ ਜਾਵੇ ਅਤੇ ਇਸਦਾ ਪ੍ਰਚਾਰ ਲੋਕ ਸੰਪਰਕ ਅਫਸਰ, ਗੁਰਦਾਸਪੁਰ ਦੀ ਪ੍ਰਚਾਰ ਵੈਨ ਰਾਹੀਂ ਕਰਵਾਇਆ ਜਾਵੇਗਾ।

ਇਹ ਹੁਕਮ ਮਿਤੀ 29.10.2021 ਤੋਂ ਲੈ ਕੇ ਮਿਤੀ 27.12.2021 ਤੱਕ ਲਾਗੂ ਰਹਿਣਗੇ।

ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29-10-2021 ਨੂੰ ਜਾਰੀ ਕੀਤਾ ਜਾਂਦਾ ਹੈ।

ਵਧੀਕ ਜਿਲ੍ਹਾ ਮੈਜਿਸਟ੍ਰੇਟ,
ਗੁਰਦਾਸਪੁਰ।

ਪਿੱ.ਅੰ.ਨੰ. 9501-50 /ਐਮ.ਸੀ.2/ਐਮ.ਏ.,ਮਿਤੀ 29-10-2021

ਇਸ ਦਾ ਇੱਕ ਉਤਾਰਾ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ ਜਲੰਧਰ।
4. ਡਾਇਰੈਕਟਰ ਜਨਰਲ ਆਫ ਪੁਲਿਸ ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਤੇ ਸੈਸ਼ਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ(ਜ) ਅਤੇ (ਵਿ)।
8. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ/ਬਟਾਲਾ 5 ਕਾਪੀਆ
9. ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
10. ਜਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ
11. ਸਿਵਲ ਸਰਜਨ, ਗੁਰਦਾਸਪੁਰ।
12. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਗੁਰਦਾਸਪੁਰ ਡਵੀਜਨ,ਗੁਰਦਾਸਪੁਰ।
13. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਮਾਧੋਪੁਰ ਡਵੀਜਨ,ਗੁਰਦਾਸਪੁਰ।
14. ਕਾਰਜਕਾਰੀ ਇੰਜੀਨੀਅਰ,ਡਰੇਨਜ ਵਿਭਾਗ, ਗੁਰਦਾਸਪੁਰ।
15. ਜਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ 5 ਕਾਪੀਆ
16. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਗੁਰਦਾਸਪੁਰ।
17. ਜਿਲ੍ਹਾ ਮਾਲ ਅਫ਼ਸਰ, ਗੁਰਦਾਸਪੁਰ।
18. ਜਿਲ੍ਹਾ ਸਿਖਿਆ ਅਫ਼ਸਰ (ਸ), ਗੁਰਦਾਸਪੁਰ।
19. ਜਿਲ੍ਹਾ ਸਿਖਿਆ ਅਫ਼ਸਰ (ਪ੍ਰਾ), ਗੁਰਦਾਸਪੁਰ।
20. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਗੁਰਦਾਸਪੁਰ।
21. ਮੁਖ ਖੇਤੀਬਾੜੀ ਅਫਸਰ, ਗੁਰਦਾਸਪੁਰ।
22. ਜਿਲ੍ਹਾ ਮੰਡੀ ਅਫਸਰ, ਗੁਰਦਾਸਪੁਰ।
23. ਪੀ.ਏ.ਟੂ ਡੀ.ਸੀ. ਸਟੈਨੋ ਟੂ ਏ.ਡੀ.ਸੀ.

ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Additional District Magistrate GURDASPUR

ਵਧੀਕ ਜਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

## ਦਫਤਰ ਜਿਲਾ ਮੈਜਿਸਟਰੇਟ, ਗੁਰਦਾਸਪੁਰ

ਹੁਕਮ

ਇਹ ਆਮ ਵੇਖਣ ਵਿੱਚ ਆਇਆ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਵੱਖ-ਵੱਖ ਸਕੂਲਾਂ ਵਲੋਂ ਬੱਚਿਆ ਨੂੰ ਸਕੂਲ ਲਿਆਉਣ ਲਈ ਘੜੂਕਿਆਂ (ਮਰੂਤੇ) ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਕਾਰਨ ਸਕੂਲੀ ਬੱਚਿਆਂ ਨੂੰ ਚੋਟ ਆਦਿ ਲੱਗਣ ਅਤੇ ਜਾਨੀ ਨੁਕਸਾਨ ਹੋਣ ਦਾ ਡਰ ਹੈ। ਇਸ ਲਈ ਘੜੂਕਿਆਂ (ਮਰੂਤੇ) ਤੁਰੰਤ ਬੰਦ ਕਰਨ ਦੇ ਲੋੜੀਂਦੇ ਪ੍ਰਬੰਧ ਕੀਤੇ ਜਾਣੇ ਜਰੂਰੀ ਬਣ ਗਏ ਹਨ।

ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਜ਼ਾਬਤਾ ਫੌਜ਼ਦਾਰੀ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋ ਕਰਦੇ ਹੋਇਆਂ ਇਸ ਹੁਕਮ ਦੁਆਰਾ ਜ਼ਿਲ੍ਹਾ ਗੁਰਦਾਸਪੁਰ ਵਿੱਚ ਘੜੂਕਿਆਂ ਦੀ ਸਵਾਰੀ ਅਤੇ ਸਕੂਲੀ ਬੱਚਿਆਂ ਨੂੰ ਲਿਆਉਣ-ਲਿਜਾਣ ਤੇ ਪਾਬੰਦੀ ਲਾਉਂਦਾ ਹਾਂ ਅਤੇ ਇਹ ਹੁਕਮ ਵੀ ਪਾਸ ਕਰਦਾ ਹਾਂ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਸਮੁੱਚੇ ਸਕੂਲਾਂ ਦੇ ਪ੍ਰਿੰਸੀਪਲ/ਪ੍ਰਬੰਧਕ ਇਹ ਯਕੀਨੀ ਬਨਾਉਣ ਕਿ ਸਕੂਲੀ ਬੱਚਿਆਂ ਨੂੰ ਸਕੂਲਾਂ ਵਿੱਚ ਲਿਆਉਣ-ਲਿਜਾਣ ਲਈ ਆਵਾਜਾਈ ਦਾ ਸਾਧਨ ਉਚਿਤ ਹੋਵੇ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਕਿਸੇ ਕਿਸਮ ਦੀ ਵੀ ਦੁਰਘਟਨਾ ਹੋਣ ਦੀ ਸੂਰਤ ਵਿੱਚ ਸਬੰਧਤ ਸਕੂਲ ਦਾ ਪ੍ਰਿੰਸੀਪਲ ਅਤੇ ਪ੍ਰਬੰਧਕ ਨਿੱਜੀ ਤੌਰ ਤੇ ਜ਼ਿੰਮੇਵਾਰ ਹੋਣਗੇ।

ਇਹ ਹੁਕਮ ਸਮੁੱਚੇ ਜ਼ਿਲ੍ਹੇ ਵਿੱਚ ਮਿਤੀ 29.10.2021 ਤੋਂ ਲੈ ਕੇ ਮਿਤੀ 27.12.2021 ਤੱਕ ਲਾਗੂ ਰਹੇਗਾ। ਇਹ ਹੁਕਮ ਤੁਰੰਤ ਲਾਗੂ ਕੀਤਾ ਜਾਂਦਾ ਹੈ। ਮਾਮਲੇ ਦੀ ਗੰਭੀਰਤਾ ਨੂੰ ਮੁੱਖ ਰੱਖਦਿਆਂ ਹੋਇਆਂ ਇਹ ਹੁਕਮ ਇਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਜ਼ਿਲ੍ਹਾ ਗੁਰਦਾਸਪੁਰ ਦੀ ਸਮੂਹ ਜਨਤਾ ਅਤੇ ਸਮੂਹ ਸਕੂਲ ਪ੍ਰਿੰਸੀਪਲ/ਪ੍ਰਬੰਧਕ/ਅਧਿਕਾਰੀਆਂ/ਕਰਮਚਾਰੀਆਂ ਨੂੰ ਸੰਬੋਧਨ ਕੀਤਾ ਜਾਂਦਾ ਹੈ।

ਇਹ ਹੁਕਮ ਦੀ ਘੋਸ਼ਣਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ ਵਲੋਂ ਵਿਭਾਗ ਦੀ ਸੂਚਨਾ ਵੈਨ ਰਾਹੀਂ ਲਾਊਡ ਸਪੀਕਰ ਰਾਹੀਂ ਸਮੁੱਚੇ ਜ਼ਿਲ੍ਹੇ ਵਿੱਚ ਕਰਵਾਈ ਜਾਵੇ।

ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29.10.2021 ਨੂੰ ਜਾਰੀ ਕੀਤਾ ਜਾਂਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

ਪਿੱ.ਅੰ.ਨੰ. 9551-9600 /ਐਮ.ਸੀ.2/ਐਮ.ਏ.,ਮਿਤੀ 29-10-2021

ਇਸ ਦਾ ਇੱਕ ਉਤਾਰਾ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ ਜਲੰਧਰ।
4. ਡਾਇਰੈਕਟਰ ਜਨਰਲ ਆਫ ਪੁਲਿਸ ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਤੇ ਸੈਸ਼ਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ(ਜ) ਅਤੇ (ਵਿ)।
8. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ/ਬਟਾਲਾ 5 ਕਾਪੀਆ
9. ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
10. ਜਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ
11. ਸਿਵਲ ਸਰਜਨ, ਗੁਰਦਾਸਪੁਰ।
12. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਗੁਰਦਾਸਪੁਰ ਡਵੀਜਨ,ਗੁਰਦਾਸਪੁਰ।
13. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਮਾਧੋਪੁਰ ਡਵੀਜਨ,ਗੁਰਦਾਸਪੁਰ।
14. ਕਾਰਜਕਾਰੀ ਇੰਜੀਨੀਅਰ,ਡਰੇਨਜ ਵਿਭਾਗ, ਗੁਰਦਾਸਪੁਰ।
15. ਜਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ 5 ਕਾਪੀਆ
16. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਗੁਰਦਾਸਪੁਰ।
17. ਜਿਲ੍ਹਾ ਮਾਲ ਅਫ਼ਸਰ, ਗੁਰਦਾਸਪੁਰ।
18. ਜਿਲ੍ਹਾ ਸਿਖਿਆ ਅਫ਼ਸਰ (ਸ), ਗੁਰਦਾਸਪੁਰ।
19. ਜਿਲ੍ਹਾ ਸਿਖਿਆ ਅਫ਼ਸਰ (ਪ੍ਰਾ), ਗੁਰਦਾਸਪੁਰ।
20. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਗੁਰਦਾਸਪੁਰ।
21. ਮੁਖ ਖੇਤੀਬਾੜੀ ਅਫਸਰ, ਗੁਰਦਾਸਪੁਰ।
22. ਜਿਲ੍ਹਾ ਮੰਡੀ ਅਫਸਰ, ਗੁਰਦਾਸਪੁਰ।
23. ਪੀ.ਏ.ਟੂ ਡੀ.ਸੀ. ਸਟੈਨੋ ਟੂ ਏ.ਡੀ.ਸੀ.

ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Additional District Magistrate GURDASPUR

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

## ਦਫਤਰ ਜਿਲਾ ਮੈਜਿਸਟਰੇਟ, ਗੁਰਦਾਸਪੁਰ

ਹੁਕਮ

ਜਿਲ੍ਹੇ ਵਿਚ ਸਮਾਜ ਵਿਰੋਧੀ ਤੱਤਾਂ ਦੇ ਭਿੰਨ-ਭਿੰਨ ਪ੍ਰਕਾਰ ਦੇ ਕੀਤੇ ਜਾਂਦੇ ਜੁਰਮਾਂ ਤੇ ਕਾਬੂ ਪਾਉਣ ਵਾਸਤੇ ਇਹ ਜਰੂਰੀ ਸਮਝਿਆ ਗਿਆ ਹੈ ਕਿ ਮਕਾਨਾਂ/ਫਲੈਟਾਂ ਵਿਚ ਪੂਰੇ ਤੌਰ ਤੇ ਜਾ ਅੰਸਿਕ ਤੌਰ ਤੇ ਆਏ ਨਵੇਂ ਕਿਰਾਏਦਾਰਾਂ ਉੱਤੇ ਨਜਰ ਰੱਖੀ ਜਾਵੇ।

ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਜਾਬਤਾ ਫੌਜਦਾਰੀ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਇਆ ਗੁਰਦਾਸਪੁਰ ਦੀ ਹਦੂਦ ਵਿਚ ਵੱਸਦੇ ਸਮੁੱਚੇ ਮਾਲਕਾਂ ਨੂੰ ਹੁਕਮ ਕਰਦਾ ਹਾਂ ਕਿ ਬਿਨ੍ਹਾਂ ਸਬੰਧਤ ਥਾਨਿਆਂ ਵਿਚ ਇਤਲਾਹ ਕੀਤੇ ਨਵੇਂ ਕਿਰਾਏਦਾਰ ਨਹੀਂ ਰੱਖਣ।

ਇਹ ਹੁਕਮ ਇਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਸਮੁੱਚੇ ਜਿਲ੍ਹੇ ਵਿਚ ਮਿਤੀ 29.10.2021 ਤੋਂ ਲੈ ਕੇ ਮਿਤੀ 27.12.2021 ਤੱਕ ਲਾਗੂ ਰਹੇਗਾ।

ਇਹ ਹੁਕਮ ਨੂੰ ਜਿਲ੍ਹਾ ਲੋਕ ਸੰਪਰਕ ਅਫਸਰ, ਗੁਰਦਾਸਪੁਰ ਸਮੁੱਚੇ ਜਿਲ੍ਹੇ ਵਿਚ ਸੂਚਨਾਂ ਵੈਨ ਦੁਆਰਾ ਘੋਸ਼ਿਤ ਕਰਾਉਣਗੇ ਅਤੇ ਇਸ ਹੁਕਮ ਦੀਆਂ ਨਕਲਾਂ ਜਿਲ੍ਹਾ ਮੈਜਿਸਟਰੇਟ/ਵਧੀਕ ਜਿਲ੍ਹਾ ਮੈਜਿਸਟਰੇਟ/ਸੀਨੀਅਰ ਪੁਲਿਸ ਕਪਤਾਨ/ਉਪ ਮੰਡਲ ਮੈਜਿਸਟਰੇਟ/ਤਹਿਸੀਲਦਾਰਾਂ ਦੇ ਦਫਤਰਾਂ, ਅਦਾਲਤਾਂ ਦੇ ਨੋਟਿਸ ਬੋਰਡਾਂ ਤੇ ਲਗਾਈਆਂ ਜਾਣਗੀਆਂ ਅਤੇ ਇਸ ਹੁਕਮ ਦਾ ਰੇਡਿਉ/ਟੀ.ਵੀ ਰਾਹੀਂ ਪ੍ਰਸਾਰਣ ਕਰਵਾਇਆ ਜਾਵੇਗਾ।

ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29-10-2021 ਨੂੰ ਜਾਰੀ ਕੀਤਾ ਜਾਂਦਾ ਹੈ।

ਵਧੀਕ ਜਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

ਪਿੱ.ਅੰ.ਨੰ. 9601-9650/ਐਮ.ਸੀ.2/ਐਮ.ਏ., ਮਿਤੀ 29-10-2021

ਇਸ ਦਾ ਇੱਕ ਉਤਾਰਾ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ ਜਲੰਧਰ।
4. ਡਾਇਰੈਕਟਰ ਜਨਰਲ ਆਫ ਪੁਲਿਸ ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਤੇ ਸੈਸਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ(ਜ) ਅਤੇ (ਵਿ)।
8. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ/ਬਟਾਲਾ 5 ਕਾਪੀਆ
9. ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ।
10. ਜਿਲ੍ਹਾ ਟਰਾਂਸਪੋਰਟ ਅਫ਼ਸਰ, ਗੁਰਦਾਸਪੁਰ
11. ਸਿਵਲ ਸਰਜਨ, ਗੁਰਦਾਸਪੁਰ।
12. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਗੁਰਦਾਸਪੁਰ ਡਵੀਜਨ,ਗੁਰਦਾਸਪੁਰ।
13. ਕਾਰਜਕਾਰੀ ਇੰਜੀਨੀਅਰ, ਯੂ.ਬੀ.ਡੀ.ਸੀ. ਮਾਧੋਪੁਰ ਡਵੀਜਨ,ਗੁਰਦਾਸਪੁਰ।
14. ਕਾਰਜਕਾਰੀ ਇੰਜੀਨੀਅਰ,ਡਰੇਨਜ ਵਿਭਾਗ, ਗੁਰਦਾਸਪੁਰ।
15. ਜਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ 5 ਕਾਪੀਆ
16. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਗੁਰਦਾਸਪੁਰ।
17. ਜਿਲ੍ਹਾ ਮਾਲ ਅਫ਼ਸਰ, ਗੁਰਦਾਸਪੁਰ।
18. ਜਿਲ੍ਹਾ ਸਿਖਿਆ ਅਫ਼ਸਰ (ਸ), ਗੁਰਦਾਸਪੁਰ।
19. ਜਿਲ੍ਹਾ ਸਿਖਿਆ ਅਫ਼ਸਰ (ਪ੍ਰਾ), ਗੁਰਦਾਸਪੁਰ।
20. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਗੁਰਦਾਸਪੁਰ।
21. ਮੁਖ ਖੇਤੀਬਾੜੀ ਅਫਸਰ, ਗੁਰਦਾਸਪੁਰ।
22. ਜਿਲ੍ਹਾ ਮੰਡੀ ਅਫਸਰ, ਗੁਰਦਾਸਪੁਰ।
23. ਪੀ.ਏ.ਟੂ ਡੀ.ਸੀ. ਸਟੈਨੋ ਟੂ ਏ.ਡੀ.ਸੀ.

ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Additional District Magistrate GURDASPUR

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

# ਦਫ਼ਤਰ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ

## ਹੁਕਮ

ਇਹ ਵੇਖਣ ਵਿੱਚ ਆਇਆ ਹੈ ਕਿ ਕੁੱਝ ਲੋਕਾਂ ਵੱਲੋਂ ਅੰਬਾਂ ਦੇ ਰੁਖਾਂ ਨੂੰ ਬਿਨ੍ਹਾਂ ਵਜਾ ਕੱਟਿਆ ਜਾ ਰਿਹਾ ਹੈ। ਇਹ ਦਰੱਖਤ ਪ੍ਰਾਚੀਨ ਸਮੇਂ ਤੋਂ ਹੀ ਧਾਰਮਿਕ ਮਹੱਤਤਾ ਰੱਖਦੇ ਹਨ ਅਤੇ ਇਹਨਾਂ ਦਾ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਵਿੱਚ ਵੱਡਾ ਯੋਗਦਾਨ ਹੈ। ਇਸ ਤੋਂ ਇਲਾਵਾ ਜੰਗਲੀ ਜੀਵਾਂ ਅਤੇ ਪੰਛੀਆਂ ਆਦਿ ਦਾ ਰੈਣ ਬਸੇਰਾ ਵੀ ਆਮ ਤੌਰ ਤੇ ਇਨ੍ਹਾਂ ਵੱਡੇ ਦਰਖਤਾਂ ਤੇ ਹੁੰਦਾ ਹੈ। ਅਜਿਹੇ ਰੁਖਾਂ ਦੀ ਕਟਾਈ ਨਾਲ ਜਿਥੇ ਵਾਤਾਵਰਨ ਤੇ ਮਾੜਾ ਅਸਰ ਪੈਂਦਾ ਹੈ, ਉਥੇ ਪੰਛੀਆਂ ਦੇ ਕੁਦਰਤੀ ਰੈਣ ਬਸੇਰੇ ਤੇ ਵੀ ਪ੍ਰਤੀਕੁਲ ਅਸਰ ਪੈਂਦਾ ਹੈ, ਜਿਸ ਕਰਕੇ ਪੰਛੀਆਂ ਦੀਆਂ ਕਈ ਪ੍ਰਜਾਤੀਆਂ ਲੁਪਤ ਹੋ ਰਹੀਆਂ ਹਨ। ਇਸ ਲਈ ਹਰੇ ਅੰਬ ਦੇ ਦਰੱਖਤਾਂ ਦੀ ਕਟਾਈ ਤੇ ਰੋਕ ਲਗਾਈ ਜਾਣੀ ਜਰੂਰੀ ਹੋ ਗਈ ਹੈ।

ਇਸ ਲਈ ਮੈਂ, ਰਾਹੁਲ, ਆਈ.ਏ.ਐਸ., ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਗੁਰਦਾਸਪੁਰ ਜ਼ਿਲ੍ਹੇ ਦੀ ਹਦੂਦ ਅੰਦਰ ਹਰੇ ਅੰਬ ਦੇ ਬਹੁਤ ਹੀ ਮਹੱਤਵਪੂਰਨ ਦਰੱਖਤਾਂ ਦੀ ਕਟਾਈ ਤੇ ਪੂਰਨ ਤੌਰ ਤੇ ਪਾਬੰਦੀ ਲਗਾਉਂਦਾ ਹਾਂ। ਜੇਕਰ ਉੱਕਤ ਦਰੱਖਤਾਂ ਨੂੰ ਵਿਸੇਸ਼ ਹਾਲਤ ਵਿੱਚ ਕੱਟਣਾ ਜਰੂਰੀ ਹੋਵੇ ਤਾਂ ਜੰਗਲਾਤ ਵਿਭਾਗ ਦੀ ਪ੍ਰਵਾਨਗੀ ਨਾਲ ਹੀ ਕੱਟੇ ਜਾਣ। ਇਸ ਮੰਤਵ ਲਈ ਵਣ ਵਿਭਾਗ ਵੱਲੋਂ ਉਹ ਵੀ ਪ੍ਰਕਿਰਿਆ ਅਪਣਾਈ ਜਾਵੇਗੀ ਜਿਹੜੀ ਕਿ ਪੰਜਾਬ ਭੂਮੀ ਸੁਰੱਖਿਆ ਐਕਟ-1900 ਦਫ਼ਾ 4 ਅਤੇ 5 ਅਧੀਨ ਬੰਦ ਰਕਬੇ ਵਿੱਚ ਪ੍ਰਮਿਟ ਦੇਣ ਲਈ ਅਪਣਾਈ ਜਾਂਦੀ ਹੈ।

ਇਹ ਹੁਕਮ ਮਿਤੀ 29.10.2021 ਤੋਂ ਲੈ ਕੇ ਮਿਤੀ 27.12.2021 ਤੱਕ ਲਾਗੂ ਰਹੇਗਾ।

ਮਾਮਲੇ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫਾ ਜਾਰੀ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਂਦਾ ਹੈ। ਇਹ ਹੁਕਮ ਜ਼ਿਲ੍ਹਾ ਲੋਕ ਸੰਪਰਕ ਵਿਭਾਗ ਜ਼ਿਲ੍ਹਾ ਗੁਰਦਾਸਪੁਰ ਦੀ ਪ੍ਰਚਾਰ ਗਤੀ ਰਾਹੀਂ ਮੁਨਾਦੀ ਕਰਵਾ ਕੇ ਅਤੇ ਹੁਕਮ ਦੀਆਂ ਨਕਲਾਂ ਅਦਾਲਤਾਂ, ਉਪ ਮੰਡਲ ਮੈਜਿਸਟਰੇਟ ਜ਼ਿਲ੍ਹਾ ਗੁਰਦਾਸਪੁਰ ਅਤੇ ਤਹਿਸੀਲਦਾਰ ਗੁਰਦਾਸਪੁਰ ਦੇ ਦਫ਼ਤਰਾਂ ਦੇ ਨੋਟਿਸ ਬੋਰਡਾਂ ਅਤੇ ਸ਼ਹਿਰ ਦੀਆਂ ਹੋਰ ਉਘੀਆਂ ਥਾਵਾਂ ਤੇ ਚਿਸ਼ਪਾ ਦਿੱਤਾ ਜਾਵੇ।

ਇਹ ਹੁਕਮ ਮੇਰੀ ਪ੍ਰਵਾਨਗੀ ਅਤੇ ਅਦਾਲਤੀ ਮੋਹਰ ਹੇਠ ਮਿਤੀ 29-10-2021 ਨੂੰ ਜਾਰੀ ਕੀਤਾ ਜਾਂਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ,
ਗੁਰਦਾਸਪੁਰ।

ਪਿੱ.ਅੰ.ਨੰ. 9651-9700/ਐਮ.ਸੀ.2/ਐਮ.ਏ., ਮਿਤੀ 29-10-2021

ਇਸ ਦਾ ਇੱਕ ਉਤਾਰਾ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ ਜਲੰਧਰ।
4. ਡਾਇਰੈਕਟਰ ਜਨਰਲ ਆਫ ਪੁਲਿਸ ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਤੇ ਸੈਸ਼ਨ ਜੱਜ, ਗੁਰਦਾਸਪੁਰ।
6. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ।
7. ਵਧੀਕ ਡਿਪਟੀ ਕਮਿਸ਼ਨਰ, ਗੁਰਦਾਸਪੁਰ(ਜ) ਅਤੇ (ਵਿ)।
